Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 21* Issue 150 | Monday, August 01, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


## ਪਰਿਵਾਰ ਸਮੇਤ ਛੁੱਟੀਆਂ ਮਨਾਉਣ ਟਰੂਡੋ ਮੁੜ ਜਾਣਗੇ ਕੌਸਟਾ ਰਿਕਾ

ਓਟਵਾ, 31 ਜੁਲਾਈ (ਪੋਸਟ ਬਿਊਰੋ) : ਆਪਣੇ ਪਰਿਵਾਰ ਨਾਲ ਛੁੱਟੀਆਂ ਮਨਾਉਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੋ ਹਫਤੇ ਲਈ ਕੌਸਟਾ ਰਿਕਾ ਜਾ ਰਹੇ ਹਨ।



ਪ੍ਰਧਾਨ ਮੰਤਰੀ ਦੇ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਟਰੂਡੋ ਦਾ ਪਰਿਵਾਰ ਉਸੇ ਥਾਂ ਉੱਤੇ ਰਹੇਗਾ ਜਿੱਥੇ 2019 ਵਿੱਚ ਛੁੱਟੀਆਂ ਦੌਰਾਨ ਉਹ ਰਹੇ ਸਨ। ਇਹ ਵੀ ਜਾਣਕਾਰੀ ਦਿੱਤੀ ਗਈ ਹੈ ਕਿ ਪ੍ਰਧਾਨ ਮੰਤਰੀ ਦੇ ਪਰਿਵਾਰ ਵੱਲੋਂ ਇਸ ਰਿਹਾਇਸ਼ ਲਈ ਪੱਲਿਓਂ ਪੈਸੇ ਦਿੱਤੇ ਜਾ ਰਹੇ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਸਕਿਊਰਿਟੀ ਕਾਰਨਾਂ ਕਰਕੇ ਪ੍ਰਧਾਨ ਮੰਤਰੀ ਨੂੰ ਰੌਇਲ ਕੈਨੇਡੀਅਨ ਏਅਰ ਫੋਰਸ ਦੇ ਜਹਾਜ਼ ਉੱਤੇ ਹੀ ਟਰੈਵਲ ਕਰਨਾ ਪੈਂਦਾ ਹੈ, ਫਿਰ ਭਾਵੇਂ ਉਨ੍ਹਾਂ ਵੱਲੋਂ ਨਿਜੀ ਤੌਰ ਉੱਤੇ ਕਿਤੇ ਟਰੈਵਲ ਕਰਨਾ ਹੋਵੇ। ਜਦੋਂ ਪਿਛਲੀ ਵਾਰੀ ਪ੍ਰਧਾਨ ਮੰਤਰੀ ਦੇ ਪਰਿਵਾਰ ਵੱਲੋਂ ਕੌਸਟਾ ਰਿਕਾ ਦਾ ਟਰਿੱਪ ਕੀਤਾ ਗਿਆ ਸੀ ਤਾਂ ਸਰਕਾਰੀ ਖਜ਼ਾਨੇ ਉੱਤੇ 57,000 ਡਾਲਰ ਦਾ ਬੋਝ ਪਿਆ ਸੀ ਤੇ ਸੈਨ ਹੋਜ਼ੇ ਵਿੱਚ ਰੁਕੇ ਫਲਾਈਟ ਕ੍ਰਿਊ ਉੱਤੇ ਵੀ ਹਜ਼ਾਰਾਂ ਡਾਲਰ ਖਰਚ ਹੋਏ ਸਨ।

ਪੀਐਮਓ ਵੱਲੋਂ ਇਹ ਸਫਾਈ ਵੀ ਦਿੱਤੀ ਗਈ ਹੈ ਕਿ ਇਨ੍ਹਾਂ ਛੁੱਟੀਆਂ ਤੇ ਟਰਿੱਪ ਬਾਰੇ ਉਨ੍ਹਾਂ ਵੱਲੋਂ ਫੈਡਰਲ ਐਥਿਕਸ ਕਮਿਸ਼ਨਰ ਦੇ ਆਫਿਸ ਨਾਲ ਵੀ ਸਲਾਹ ਮਸ਼ਵਰਾ ਕੀਤਾ ਜਾ ਚੁੱਕਿਆ ਹੈ।

## ਬੋਟ ਤੋਂ ਲੇਕ ਓਨਟਾਰੀਓ ਵਿੱਚ ਡਿੱਗਣ ਕਾਰਨ ਵਿਅਕਤੀ ਦੀ ਹੋਈ ਮੌਤ

ਓਨਟਾਰੀਓ, 31 ਜੁਲਾਈ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਬੋਟ ਵਿੱਚੋਂ ਲੇਕ ਓਨਟਾਰੀਓ ਵਿੱਚ ਡਿੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਦੁਪਹਿਰ 2:30 ਵਜੇ ਪੁਲਿਸ ਨੂੰ ਓਨਟਾਰੀਓ ਪਲੇਸ ਨੇੜੇ ਟੂਰ ਬੋਟ ਵਿੱਚੋਂ ਪਾਣੀ ਵਿੱਚ ਡਿੱਗ ਕੇ ਇੱਕ ਵਿਅਕਤੀ ਦੇ ਡੁੱਬਣ ਦੀ ਖਬਰ ਮਿਲੀ। ਪੁਲਿਸ ਨੇ ਦੱਸਿਆ ਕਿ ਮਰੀਨ ਯੂਨਿਟ ਵੱਲੋਂ ਜਲਦ ਹੀ ਉਸ ਵਿਅਕਤੀ ਨੂੰ ਲੱਭ ਲਿਆ ਗਿਆ, ਮੈਡੀਕਲ ਟੀਮ ਵੱਲੋਂ ਉਸ ਵਿਅਕਤੀ ਨੂੰ ਸੀਪੀਆਰ ਦਿੱਤਾ ਗਿਆ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ।



ਪਰ ਸ਼ਾਮੀਂ 5:30 ਵਜੇ ਪੁਲਿਸ ਨੇ ਦੱਸਿਆ ਕਿ ਹਸਪਤਾਲ ਪਹੁੰਚਣ ਉੱਤੇ ਉਸ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਸਮੇਂ ਤੱਕ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ ਮਿਲੀ ਕਿ ਉਹ ਵਿਅਕਤੀ ਬੋਟ ਵਿੱਚੋਂ ਪਾਣੀ ਵਿੱਚ ਕਿਵੇਂ ਡਿੱਗਿਆ ਤੇ ਨਾ ਹੀ ਉਸ ਵਿਅਕਤੀ ਬਾਰੇ ਹੀ ਕੋਈ ਜਾਣਕਾਰੀ ਜਾਰੀ ਕੀਤੀ ਗਈ ਸੀ।

## ਸਰੀ ਵਿੱਚ ਤੀਹਰੇ ਗੋਲੀਕਾਂਡ ਵਿੱਚ 2 ਹਲਾਕ 1 ਜ਼ਖ਼ਮੀ



ਸਰ੍ਹੀ, 31 ਅਗਸਤ (ਪੋਸਟ ਬਿਊਰੋ) : ਸ਼ਨਿੱਚਰਵਾਰ ਦੁਪਹਿਰ ਨੂੰ ਦੱਖਣੀ ਸਰ੍ਹੀ ਵਿੱਚ ਚੱਲੀ ਗੋਲੀ ਕਾਰਨ ਦੋ ਵਿਅਕਤੀ ਮਾਰੇ ਗਏ ਤੇ ਇੱਕ ਹੋਰ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ।

ਸਰ੍ਹੀ ਆਰਸੀਐਮਪੀ ਵੱਲੋਂ ਜਾਰੀ ਕੀਤੇ ਬਿਆਨ ਅਨੁਸਾਰ ਉਨ੍ਹਾਂ ਨੂੰ ਸ਼ੂਟਿੰਗ ਦੀ ਰਿਪੋਰਟ ਦੇ ਕੇ ਦੁਪਹਿਰ 2:45 ਉੱਤੇ 20 ਐਵਨਿਊ ਤੇ 146 ਸਟਰੀਟ ਦੇ ਨੇੜਲੇ ਇਲਾਕੇ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਮੌਕੇ ਉੱਤੇ ਉਨ੍ਹਾਂ ਨੂੰ ਤਿੰਨ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲੇ। ਇੱਕ ਵਿਅਕਤੀ ਦੀ ਤਾਂ ਮੌਕੇ ਉੱਤੇ ਹੀ ਮੌਤ ਹੋ ਗਈ ਜਦਕਿ ਦੋ ਹੋਰਨਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਐਤਵਾਰ ਸਵੇਰੇ ਜਾਰੀ ਕੀਤੇ ਬਿਆਨ ਵਿੱਚ ਮਾਮਲੇ ਦੀ ਜਾਂਚ ਕਰ ਰਹੀ ਲੋਅਰ ਮੇਨਲੈਂਡਜ਼ ਇੰਟੇਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੇ ਦੱਸਿਆ ਕਿ ਦੂਜੇ ਜ਼ਖ਼ਮੀ ਵਿਅਕਤੀ ਦੀ ਹਸਪਤਾਲ ਪਹੁੰਚਣ ਉੱਤੇ ਮੌਤ ਹੋ ਗਈ। ਤੀਜਾ ਵਿਅਕਤੀ ਅਜੇ ਵੀ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਜੇਰੇ ਇਲਾਜ ਹੈ। ਇਸ ਸਮੇਂ ਪੁਲਿਸ ਤਿੰਨਾਂ ਵਿਅਕਤੀਆਂ ਦੀ ਪਛਾਣ ਦੀ ਪੁਸ਼ਟੀ ਕਰਨ ਉੱਤੇ ਕੰਮ ਕਰ ਰਹੀ ਹੈ।


AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor 416-724-5000

GURBIR CHAHAL Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

Pure Vegetarian
MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
Free CHOLE BHATURE WHEN YOU SPEND OVER $20

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

OURR HOME & APPLIANCES
BASEMENT Special
Stacked laundry | 30 inch fridge | Electric stove
JULY BOXING WEEK
$2999
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic 12538
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਬਰੈਂਪਟਨ ਵਿੱਚ ਛੁਰੇਬਾਜ਼ੀ ਵਿੱਚ ਦੋ ਜ਼ਖ਼ਮੀ




ਬਰੈਂਪਟਨ, 31 ਜੁਲਾਈ (ਪੋਸਟ ਬਿਊਰੋ) : ਬਰੈਂਪਟਨ ਵਿੱਚ ਐਤਵਾਰ ਸਵੇਰੇ ਦੋ ਵਿਅਕਤੀ ਛੁਰੇਬਾਜ਼ੀ ਕਾਰਨ ਜ਼ਖ਼ਮੀ ਹੋ ਗਏ। ਇਸ ਸਬੰਧ ਵਿੱਚ ਪੀਲ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਤੜਕੇ 3:30 ਉੱਤੇ ਮੈਕਮਰਕੀ ਐਵਨਿਊ ਨੌਰਥ ਤੇ ਕੁਈਨ ਸਟਰੀਟ ਵੈਸਟ ਇਲਾਕੇ ਵਿੱਚ ਛੁਰੇਬਾਜ਼ੀ ਦੀ ਰਿਪੋਰਟ ਦੇ ਕੇ ਸੱਦਿਆ ਗਿਆ। ਇੱਥੇ ਉਨ੍ਹਾਂ ਨੂੰ ਦੋ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਮਿਲੇ।

ਪੁਲਿਸ ਨੇ ਦੱਸਿਆ ਕਿ ਇੱਕ ਪੁਰਸ਼ ਨੂੰ ਗੰਭੀਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ ਤੇ ਇੱਕ ਹੋਰ ਵਿਅਕਤੀ ਨੂੰ ਲੋਕਲ ਹਸਪਤਾਲ ਲਿਜਾਇਆ ਗਿਆ। ਦੋਵਾਂ ਜ਼ਖ਼ਮੀ ਵਿਅਕਤੀਆਂ ਦੀ ਹਾਲਤ ਬਾਰੇ ਅੱਗੇ ਕੋਈ ਜਾਣਕਾਰੀ ਨਹੀਂ ਮਿਲੀ ਹੈ ਤੇ ਨਾ ਹੀ ਉਨ੍ਹਾਂ ਦੀ ਉਮਰ ਸਬੰਧੀ ਕੋਈ ਜਾਣਕਾਰੀ ਜਾਰੀ ਕੀਤੀ ਗਈ ਹੈ। ਕਿਸੇ ਮਸ਼ਕੂਕ ਦਾ ਵੇਰਵਾ ਵੀ ਹਾਲ ਦੀ ਘੜੀ ਸਾਹਮਣੇ ਨਹੀਂ ਆਇਆ।

ਪੁਲਿਸ ਨੇ ਦੱਸਿਆ ਕਿ ਇਸ ਸਬੰਧ ਵਿੱਚ ਜਾਂਚ ਅਜੇ ਮੁੱਢਲੇ ਪੜਾਅ ਉੱਤੇ ਹੈ।

# ਬਹਿਬਲ ਕਲਾਂ ਮੋਰਚੇ ਨੇ ਪੰਜਾਬ ਸਰਕਾਰ ਨੂੰ 15 ਦਿਨ ਹੋਰ ਦਿੱਤੇ

## * ਸਪੀਕਰ ਸੰਧਵਾਂ ਨੇ ਕਿਹਾ: ਜਿਵੇਂ ਤੁਸੀਂ ਚਾਹੁੰਦੇ ਹੋ, ਉਵੇਂ ਹੀ ਹੋਵੇਗਾ



ਚੰਡੀਗੜ੍ਹ, 31 ਅਗਸਤ, (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀ ਕਾਂਡ ਦਾ ਇਨਸਾਫ਼ ਲੈਣ ਵਾਸਤੇ ਲੱਗੇ ਮੋਰਚੇ ਵਿਚਅੱਜ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਫਿਰ ਪਹੁੰਚੇ ਤੇ ਉਨ੍ਹਾਂ ਨੇ ਮੋਰਚੇ ਦੇ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਜ਼ਰੂਰ ਸਜ਼ਾ ਮਿਲੇਗੀ। ਉਨ੍ਹਾਂ ਨੇ ਮੋਰਚੇ ਵਾਲਿਆਂ ਨੂੰ ਕਿਹਾ ਕਿ ਉਹ ਜਿੰਦਾਂ ਦਾ ਇਨਸਾਫ਼ ਚਾਹੁੰਦੇ ਹਨ, ਉਸੇ ਤਰ੍ਹਾਂ ਹੋਵੇਗਾ।

ਦੂਸਰੇ ਪਾਸੇ ਅੱਜ ਐਤਵਾਰ ਨੂੰ ਇਨਸਾਫ਼ ਮੋਰਚੇ ਦੀਆਂ ਸਿੱਖ ਜਥੇਬੰਦੀਆਂ ਨੇ ਆਪਣੀ ਮੀਟਿੰਗ ਦੌਰਾਨ ਫੈਸਲਾ ਲੈ ਕੇ ਪੰਜਾਬ ਸਰਕਾਰ ਨੂੰ 15 ਦਿਨ ਦਾ ਹੋਰ ਸਮਾਂ ਦੇ ਦਿੱਤਾ, ਪਰ ਇਨਸਾਫ ਕਰਨ ਲਈ ਅਲਟੀਮੇਟਮ ਦੇਦਿੱਤਾ ਅਤੇ ਸਾਰੇ ਸਿੱਖਾਂ ਨੂੰ ਆਪਣੇ ਘਰਾਂ ਉੱਤੇ 15 ਅਗਸਤ ਤੱਕ ਕੇਸਰੀ ਝੰਡੇ ਲਾਉਣ ਦੀ ਅਪੀਲ ਕੀਤੀ।

ਇਸਤੋਂ ਪਹਿਲਾਂ ਅੱਜ ਇਸ ਮੋਰਚੇ ਵਿਚਪੁੱਜੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ 'ਮੈਂ ਤੁਹਾਡਾ ਆਪਣਾ ਕੁਲਤਾਰ ਸਿੰਘ ਹਾਂ ਅਤੇ ਜਿਸ ਤਰ੍ਹਾਂ ਦਾ ਤੁਸੀ ਇਨਸਾਫ਼ ਚਾਹੁੰਦੇ ਹੋ, ਉਸ ਤਰ੍ਹਾਂ ਮਿਲੇਗਾ।' ਉਨ੍ਹਾਂ ਕਿਹਾ ਕਿ 'ਸਾਡਾ ਇਤਿਹਾਸ ਦੱਸਦਾ ਹੈ ਕਿ ਅਸੀਂ ਅੱਜਤੱਕ ਹਮੇਸ਼ਾ ਹਰ ਇੱਕ ਨਾਲ ਇਨਸਾਫ਼ ਕੀਤਾ ਹੈ ਤੇ ਇਸ ਕੇਸ ਦਾ ਵੀ ਇਨਸਾਫ਼ ਹੋਵੇਗਾ। ਮੈਂ ਪੰਥ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਪਹਿਲਾਂ ਜਿੰਨੇ ਧੋਖੇ ਹੋਣੇ ਸਨ ਹੋ ਗਏ ਤੇਇਸ ਵਾਰ ਧੋਖਾ ਨਹੀਂ, ਇਨਸਾਫ਼ ਹੋਵੇਗਾ, ਸਮਾਂ ਜ਼ਰੂਰ ਲੱਗੇਗਾ, ਜੋ ਸੰਗਤ ਨੇ ਸਰਕਾਰ ਨੂੰ ਕਿਹਾ ਹੈ, ਉਹ ਨਿਆਂ ਮਿਲੇਗਾ।'

ਬਹਿਬਲ ਕਲਾਂ ਇਨਸਾਫ਼ ਮੋਰਚੇ ਦੇ ਸੱਦੇ ਉੱਤੇਅੱਜ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦੇ ਬੇਅਦਬੀ ਤੇ ਗੋਲ਼ੀ ਕਾਂਡ ਦੇ ਇਨਸਾਫ ਲੈਣ ਲਈ ਵਿਚਾਰਾਂ ਕਰਨਆਏ ਸਨ।ਏਥੇ ਬੁਲਾਰਿਆਂ ਨੇ ਮੌਜੂਦਾ ਪੰਜਾਬ ਸਰਕਾਰ ਨੂੰ ਸਾਫਕਿਹਾ ਕਿ ਜੇ ਗੱਲਬਾਤ ਕਰਨੀ ਹੈ ਤਾਂ ਪਹਿਲਾਂ ਨਵੇਂ ਲਾਏ ਐਡਵੋਕੇਟ ਜਨਰਲ ਨੂੰ ਬਦਲ ਦਿਉ ਅਤੇ ਡੇਰਾ ਪ੍ਰੇਮੀਆਂ ਦੀਆਂ ਨਾਮ ਚਰਚਾਵਾਂ ਬੰਦ ਕਰਨੀਆਂ ਪੈਣਗੀਆਂ। ਅੱਜ ਸਾਰਾ ਦਿਨ ਰੁਕ-ਰੁਕ ਕੇ ਪੈਂਦੇ ਮੀਂਹ ਵਿਚਨੈਸ਼ਨਲ ਹਾਈਵੇ-54 ਉੱਤੇ ਬਹਿਬਲ ਕਲਾਂ ਮੋਰਚੇ ਵਿਚ ਵੱਖ-ਵੱਖ ਬੁਲਾਰਿਆਂ ਨੇ ਸਰਕਾਰਾਂ ਵੱਲੋਂ ਕੀਤੀ ਬੇਵਫਾਈ ਤੇ ਦੋਗਲੀ ਨੀਤੀ ਦੀ ਨਿੰਦਾ ਕਰਦਿਆਂ ਮੌਜੂਦਾ ਸਰਕਾਰ ਦੀ ਵੀ ਕਈ ਗੱਲਾਂ ਉੱਤੇ ਆਲੋਚਨਾ ਕੀਤੀ। ਪੰਜਾਬ ਸਰਕਾਰ ਵੱਲੋਂ ਪੁੱਜੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸੰਗਤ ਨੂੰ ਸ਼ਾਂਤ ਕਰਦੇ ਹੋਏ ਕੁਝ ਸਮਾਂ ਮੰਗਿਆ ਅਤੇ ਕਿਹਾ ਕਿ ਇਹ ਕੇਸ ਬਹੁਤ ਪੇਚੀਦਾ ਹਨ, ਸੰਵੇਦਨਸ਼ੀਲ ਮੁੱਦਿਆਂ ਉੱਤੇ ਕਾਹਲ ਵਾਜਬ ਨਹੀਂ। ਬੁਲਾਰਿਆਂ ਦਾ ਦਾਅਵਾ ਸੀ ਕਿ ਜਦੋਂ ਮੱਲਕੇ ਬੇਅਦਬੀ ਕਾਂਡ ਵਿੱਚ ਡੇਰਾ ਪ੍ਰੇਮੀਆਂ ਦੇ ਖਿਲਾਫ ਅਦਾਲਤ ਵਿੱਚ ਦੋਸ਼ ਸਿੱਧ ਹੋ ਗਏ ਤੇ ਬਰਗਾੜੀ ਬੇਅਦਬੀ ਕਾਂਡ ਵਿੱਚਦੋਸ਼ੀ ਡੇਰਾ ਪ੍ਰੇਮੀਆਂ ਸਮੇਤ ਡੇਰਾ ਮੁਖੀ ਅਦਾਲਤਾਂ ਦਾ ਸਾਹਮਣਾ ਕਰ ਰਿਹਾ ਹੈ, ਡੇਰਾ ਪ੍ਰੇਮੀ ਜ਼ਮਾਨਤਾਂ ਉੱਤੇ ਹਨ, ਫਿਰ ਉਨ੍ਹਾਂ ਨੂੰ ਨਾਮ ਚਰਚਾਵਾਂ ਦੀ ਖੁੱਲ੍ਹ ਦੇਣੀਪੰਜਾਬ ਦਾ ਮਾਹੌਲ ਵਿਗਾੜਨ ਬਰਾਬਰ ਹੈ। ਸੁਖਰਾਜ ਸਿੰਘ ਨਿਆਮੀਵਾਲਾ,ਸਾਧੂ ਸਿੰਘ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਈਮਾਨ ਸਿੰਘ ਮਾਨ ਆਦਿ ਨੇ ਅਗਲਾ ਪ੍ਰੋਗਰਾਮ ਪੰਦਰਾਂ ਤਰੀਕ ਤੱਕ ਸੋਚਣ ਲਈ ਕਹਿ ਕੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਵਿਧਾਨ ਸਭਾ ਦੀ ਹਾਜਰੀ ਵਿੱਚ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਦੋਵਾਂ ਦੀਆਂ ਸਰਕਾਰਾਂ ਖਿਲਾਫ ਗੁੱਸਾ ਕੱਢਦਿਆਂ ਕਿਹਾ ਕਿ ਜੇ ਮੌਜੂਦਾ ਸਰਕਾਰ ਨੇ ਆਪਣੀਆਂ ਨੀਤੀਆਂ ਵਿੱਚ ਤਬਦੀਲੀ ਨਾ ਕੀਤੀ ਤਾਂ ਆਮ ਆਦਮੀ ਪਾਰਟੀ ਦਾ ਹਸ਼ਰ ਵੀ ਪਿਛਲੀਆਂ ਸਰਕਾਰਾਂ ਵਾਲਾ ਹੋਵੇਗਾ।

# ਸਿੱਧੂ ਮੂਸੇਵਾਲਾ ਕਤਲ ਕਾਂਡ: ਗੋਲਡੀ ਬਰਾੜ ਨੂੰ ਪੰਜਾਬ ਲਿਆਉਣ ਦੀ ਰਸਮੀ ਕਾਰਵਾਈ ਸ਼ੁਰੂ

## * ਸ਼ਹੀਦਾਂ ਨੂੰ ਨਿੰਦਣ ਵਾਲਿਆਂ ਨੂੰ ਸ਼ਰਮ ਚਾਹੀਦੀ ਹੈ : ਭਗਵੰਤ ਮਾਨ





ਚੰਡੀਗੜ੍ਹ, 31 ਅਗਸਤ, (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਲਾਰੈਂਸ ਬਿਸ਼ਨੋਈ ਗੈਂਗ ਦੇ ਕੈਨੇਡਾ ਬੈਠੇ ਮੋਹਰੀ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਨੂੰ ਪੰਜਾਬ ਲਿਆਉਣ ਲਈ ਪੰਜਾਬ ਸਰਕਾਰ ਨੇ ਕੈਨੇਡਾ ਸਰਕਾਰ ਨਾਲ ਰਸਮੀ ਤੌਰ ਉੱਤੇ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ ਹੈ।

ਚੰਡੀਗੜ੍ਹ ਵਿਚ ਹੋਈ ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਦੀ ਕਾਨਫ਼ਰੰਸ ਮੌਕੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਖੁਦ ਇਹਇਹ ਜਾਣਕਾਰੀ ਦਿੱਤੀਅਤੇ ਕਿਹਾ ਕਿ ਕੈਨੇਡਾ ਸਰਕਾਰ ਨੂੰ ਗੋਲਡੀ ਨੂੰ ਪੰਜਾਬ ਭੇਜਣ ਲਈ ਕਿਹਾ ਗਿਆ ਹੈ ਤੇ ਉਸ ਕੋਲੋਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਪੁੱਛਗਿੱਛ ਕੀਤੀ ਜਾਵੇਗੀ।ਸਿੱਧੂ ਮੂਸੇਵਾਲਾ ਨੂੰ ਮਾਨਸਾ ਵਿਚ ਬੀਤੀ 29 ਮਈ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀਅਤੇ ਇਸ ਦੀ ਜ਼ਿੰਮੇਵਾਰੀ ਉਸ ਵਕਤ ਇਸ ਗੈਂਗ ਵੱਲੋਂ ਕੈਨੇਡਾ ਵਿਚ ਬੈਠੇ ਗੋਲਡੀ ਬਰਾੜ ਨੇ ਹੀ ਲਈ ਸੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੈਨੇਡਾ ਸਰਕਾਰ ਨੂੰ ਦੱਸਿਆ ਗਿਆ ਹੈ ਕਿ ਜੇ ਉਹ ਗੋਲਡੀ ਬਰਾੜ ਤੇ ਉਸ ਵਰਗੇ ਵਾਂਟਿਡ ਗੈਂਗਸਟਰਾਂ ਨੂੰ ਡਿਪੋਰਟ ਕਰ ਦੇਵੇ ਤਾਂ ਉਨ੍ਹਾਂ ਦੀ ਧਰਤੀ ਉੱਤੇ ਗੈਂਗਸਟਰ ਘਟਣਗੇ। ਗੋਲਡੀ ਬਰਾੜ ਤੋਂ ਇਲਾਵਾ ਪੰਜਾਬ ਪੁਲਿਸ ਇਸ ਵੇਲੇ ਗੈਂਗਸਟਰ ਲਖਬੀਰ ਸਿੰਘ ਲੰਡਾ ਦੀ ਭਾਲ ਵਿਚ ਹੈ, ਜਿਸ ਨੇ ਮੋਹਾਲੀ ਵਿਚਲੇ ਇੰਟੈਲੀਜੈਂਸ ਦਫ਼ਤਰ ਉੱਤੇ ਰਾਕੇਟ ਹਮਲਾ ਕਰਾਇਆ ਸੀ। ਉਹ ਵੀ ਕੈਨੇਡਾ ਵਿਚ ਹੈ।ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਸ਼ਾਮਲ 6 ਸ਼ਾਰਪ ਸ਼ੂਟਰਾਂ ਵਿਚੋਂ 3 ਅੰਕਿਤ ਸੇਰਸਾ, ਪ੍ਰਿਆਵਰਤ ਫੌਜੀ ਤੇ ਕਸ਼ਿਸ਼ ਨੂੰ ਦਿਲੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਪੰਜਾਬ ਦੇ ਸ਼ਾਰਪ ਸ਼ੂਟਰਜਗਰੂਪ ਰੂਪਾ ਤੇ ਮਨਪ੍ਰੀਤ ਮੰਨੂ ਪੰਜਾਬ ਪੁਲਿਸ ਨਾਲ ਅੰਮ੍ਰਿਤਸਰ ਜ਼ਿਲੇ ਵਿਚ ਹੋਏ ਮੁਕਾਬਲੇ ਦੌਰਾਨ ਮਾਰੇ ਗਏ ਸਨ। ਛੇਵਾਂ ਸ਼ਾਰਪ ਸ਼ੂਟਰ ਦੀਪਕ ਮੁੰਡੀ ਅਜੇ ਫਰਾਰ ਹੈ।

ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸੁਨਾਮ ਵਿਚ ਕਿਹਾ ਕਿ ਸ਼ਹੀਦਾਂ ਦੀ ਨਿੰਦਾ ਕਰਨ ਵਾਲਿਆਂ ਨੂੰ ਸ਼ਰਮ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇ ਕੋਈ ਸ਼ਹੀਦਾਂ ਦੀਆਂ ਕੁਰਬਾਨੀਆਂ ਉੱਤੇ ਸਵਾਲ ਚੁੱਕੇ ਤਾਂਦੁੱਖ ਹੁੰਦਾ ਹੈ।ਉਨ੍ਹਾਂ ਦਾ ਇਸ਼ਾਰਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਖੀ ਸਿਮਰਨਜੀਤ ਸਿੰਘ ਮਾਨ ਵੱਲ ਸੀ, ਜਿਨ੍ਹਾਂ ਨੇ ਭਗਤ ਸਿੰਘ ਦੀ ਸ਼ਹਾਦਤ ਉੱਪਰ ਸਵਾਲ ਉਠਾਏ ਸਨ।ਮੁੱਖ ਮੰਤਰੀ ਨੇ ਕਿਹਾ ਕਿ ਇੱਕ ਉਹ ਸ਼ਹੀਦ ਸੀ, ਜੋ 23 ਸਾਲ ਦੀ ਉਮਰ ਵਿੱਚ ਅੰਗਰੇਜ਼ਾਂ ਤੋਂ ਦੇਸ਼ ਛੁਡਾਉਣ ਲਈ ਲੜਦੇ ਸੀ, ਇੱਕ ਅੱਜ ਦੇ ਲੀਡਰ ਹਨ, ਜਿਹੜੇ ਉਨ੍ਹਾਂ ਵੱਲੋਂ ਲਈ ਗਈ ਆਜ਼ਾਦੀ ਤੋਂ ਬਾਅਦ ਬਣੇ ਸੰਵਿਧਾਨ ਦੀ ਸਹੁੰ ਖਾ ਕੇ ਵੀ ਸ਼ਹੀਦਾਂ ਨੂੰ ਨਿੰਦਦੇ ਫਿਰਦੇ ਹਨ।

# ਲਾਦੇਨ ਦੇ ਪਰਿਵਾਰ ਤੋਂ 1 ਮਿਲੀਅਨ ਪੌਂਡ ਸਵੀਕਾਰ ਕਰਨ ਨਾਲ ਪ੍ਰਿੰਸ ਚਾਰਲਸ ਕਸੂਤੇ ਘਿਰੇ



ਲੰਡਨ, 31 ਅਗਸਤ, (ਪੋਸਟ ਬਿਊਰੋ)- ਮਾਰੇ ਜਾ ਚੁੱਕੇ ਸੰਸਾਰ ਭਰ ਦੇ ਬਦਨਾਮ ਅੱਤਵਾਦੀ ਓਸਾਮਾ ਬਿਨ ਲਾਦੇਨ ਦੇ ਪਰਿਵਾਰ ਤੋਂ 1 ਮਿਲੀਅਨ ਪੌਂਡ (9.64 ਕਰੋੜ ਰੁਪਏ) ਸਵੀਕਾਰ ਕਰਨ ਕਰਕੇ ਪ੍ਰਿੰਸ ਚਾਰਲਸ ਵਿਵਾਦ ਵਿੱਚ ਫਸ ਗਏ ਹਨ।ਮਿਲੀ ਜਾਣਕਾਰੀ ਮੁਤਾਬਕ ਉਨ੍ਹਾਂ ਨੇ ਅਮਰੀਕਾ ਉੱਤੇ 9/11 ਹਮਲੇ ਦੇਮੁੱਖ ਦੋਸ਼ੀ ਓਸਾਮਾ ਬਿਨ ਲਾਦੇਨ ਦੇ ਭਰਾਵਾਂ ਤੋਂ ਰਕਮ ਲਈ ਅਤੇ ਇਹ ਉਨ੍ਹਾਂ ਦੀ ਚੈਰਿਟੀ ਵਿੱਚ ਜਮ੍ਹਾਂ ਕਰ ਦਿੱਤੀ ਗਈ ਸੀ।

ਪਤਾ ਲੱਗਾ ਹੈ ਕਿ ਪ੍ਰਿੰਸ ਚਾਰਲਸ ਨੇ 30 ਅਕਤੂਬਰ 2013 ਨੂੰ ਕਲੇਰੈਂਸ ਹਾਊਸ ਵਿੱਚ ਨਿੱਜੀ ਮੀਟਿੰਗ ਮਗਰੋਂ ਸੌਦਾ ਕੀਤਾ ਸੀ। ਓਸਾਮਾ ਬਿਨ ਲਾਦੇਨ ਦੇ ਪਰਿਵਾਰ ਨਾਲ ਜੁੜੇ ਹੋਣ ਦੇ ਡਰ ਕਾਰਨ ਸਲਾਹਕਾਰਾਂ ਵੱਲੋਂ ਉਨ੍ਹਾਂ ਨੂੰ ਨਕਦੀ ਵਾਪਸ ਕਰਨ ਦੀ ਅਪੀਲ ਦੇ ਬਾਵਜੂਦ ਪ੍ਰਿੰਸ ਆਫ ਵੇਲਜ਼ ਨੇ ਦਾਨ ਦੀ ਬੈਂਕਿੰਗ ਕੀਤੀ। ਕਿਹਾ ਜਾਂਦਾ ਹੈ ਕਿ ਸਲਾਹਕਾਰਾਂ ਨੇ ਪ੍ਰਿੰਸ ਨੂੰ ਚੇਤਾਵਨੀ ਦਿੱਤੀ ਕਿ ਜੇ ਉਸਦਾ ਨਾਮ ਬਿਨ ਲਾਦੇਨ ਕਾਰਨ ਸੁਰਖ਼ੀਆਂ ਵਿੱਚ ਆਇਆ ਤਾਂ ਉਸ ਦਾ ਅਕਸ ਖਰਾਬ ਹੋਵੇਗਾ। ਵਰਨਣ ਯੋਗ ਹੈ ਕਿ 11 ਸਤੰਬਰ 2001 ਨੂੰ ਨਿਊਯਾਰਕ ਵਰਲਡ ਟਰੇਡ ਸੈਂਟਰ ਤੇ ਅਮਰੀਕਾ ਦੇ ਹੋਰ ਥਾਂਵਾਂ ਉੱਤੇ ਹੋਏ ਹਮਲਿਆਂ ਵਿੱਚ 67 ਬ੍ਰਿਟਿਸ਼ ਨਾਗਰਿਕਾਂ ਸਣੇ ਕੁੱਲ 2,977 ਲੋਕ ਮਾਰੇ ਗਏ ਸਨ ਤੇ 6,000 ਤੋਂ ਵੱਧ ਜ਼ਖ਼ਮੀ ਹੋਏ ਸਨ। ਇਹ ਹਮਲੇ ਕਰਾਉਣ ਲਈ ਓਸਾਮਾ ਬਿਨ ਲਾਦੇਨ ਨੂੰ ਦੋਸ਼ੀ ਮੰਨਿਆ ਜਾਂਦਾ ਸੀ ਅਤੇ ਉਹ ਕੁਝ ਸਾਲ ਬਾਅਦ ਅਮਰੀਕਾ ਦੇ ਸੀਲ ਕਮਾਂਡੋਜ਼ ਦੇ ਹਮਲੇ ਵਿੱਚ ਪਾਕਿਸਤਾਨ ਵਿੱਚ ਲੁਕਵੀਂ ਜਗ੍ਹਾ ਮਾਰ ਦਿੱਤਾ ਗਿਆ ਸੀ। ਪ੍ਰਿੰਸ ਚਾਰਲਸ ਦੇ ਇੱਕ ਘਰੇਲੂ ਸਟਾਫ ਮੈਂਬਰ ਨੇ ਉਨ੍ਹਾ ਨੂੰ ਕਿਹਾਕਿਜੇ ਮੀਡੀਆ ਨੇ ਇਹ ਖੁਲਾਸਾ ਕੀਤਾ ਕਿ ਉਨ੍ਹਾਂ ਨੇ ਬਿਨ ਲਾਦੇਨ ਦੇ ਪਰਿਵਾਰ ਤੋਂ ਨਕਦੀ ਲਈ ਸੀ ਤਾਂ 'ਇਹ ਕਿਸੇ ਲਈ ਚੰਗਾ ਨਹੀਂ ਹੋਣਾ'। ਉਕਤ ਫੰਡ ਚੈਰਿਟੀ ਦੇ ਕੌਟਸ ਬੈਂਕ ਖਾਤੇ ਵਿੱਚ ਜਮ੍ਹਾਂ ਹੋਣ ਪਿੱਛੋਂ ਪ੍ਰਵਾਨਗੀ ਦਿੱਤੀ ਗਈ ਸੀ। ਉਨ੍ਹਾਂ ਨੂੰ ਫਿਰ ਚਰਚਾ ਤੋਂ ਵੀ ਰੋਕਿਆ ਗਿਆ, ਪਰ ਚਾਰਲਸ ਦੇ ਬੁਲਾਰੇ ਨੇ ਕਿਹਾ ਕਿ ਇਹ ਕਮਿਸ਼ਨ ਦੇ ਨਿਯਮਾਂ ਅਨੁਸਾਰ ਸੀ।

# ਬਰਮਿੰਘਮ ਕਾਮਨਵੈੱਲਥ: ਭਾਰਤੀ ਵੇਟਲਿਫਟਰਾਂ ਦਾ ਸ਼ਾਨਦਾਰ ਪ੍ਰਦਰਸ਼ਨ ਜਾਰੀ


## * ਜੇਰੇਮੀ, ਅਚਿੰਤਾ ਨੇ ਸੋਨ ਤਮਗੇ ਜਿੱਤੇ



ਬਰਮਿੰਘਮ, 31 ਅਗਸਤ, (ਪੋਸਟ ਬਿਊਰੋ)- ਬ੍ਰਿਟੇਨ ਦੇਬਰਮਿੰਘਮ ਵਿੱਚਹੋ ਰਹੀਆਂ ਕਾਮਨਵੈੱਲਥ ਖੇਡਾਂ ਦੇ ਦੌਰਾਨ ਭਾਰਤੀ ਵੇਟਲਿਫਟਰਾਂ ਦਾ ਸ਼ਾਨਦਾਰ ਪ੍ਰਦਰਸ਼ਨ ਲਗਾਤਾਰ ਜਾਰੀ ਹੈ।

ਅੱਜ ਐਤਵਾਰ ਨੂੰ ਪੁਰਸ਼ਾਂ ਦੇ 67 ਕਿੱਲੋ ਭਾਰ ਵਰਗ ਵਿੱਚ ਭਾਰਤ ਦੇ ਜੇਰੇਮੀ ਲਾਲਰਿਨੁੰਗਾ ਨੇ ਸਨੈਚ ਵਿੱਚ 140 ਕਿੱਲੋ ਤੇ ਕਲੀਨ ਐਂਡ ਜਰਕ ਵਿੱਚ 160 ਕਿੱਲੋ ਭਾਰ ਚੁੱਕ ਕੇ ਸੋਨ ਤਮਗਾ ਜਿੱਤਿਆ। ਇਨ੍ਹਾਂ ਖੇਡਾਂ ਦੇ ਮੌਜੂਦਾ ਸੈਸ਼ਨ ਦੇ ਦੌਰਾਨ ਵੇਟਲਿਫਟਿੰਗ ਵਿੱਚ ਭਾਰਤ ਦਾ ਇਹ ਪੰਜਵਾਂ ਤਮਗਾ ਹੈ। ਇਸ ਤੋਂ ਪਹਿਲਾਂ ਮੀਰਾਬਾਈ ਚਾਨੂ ਨੇ ਸੋਨ ਤਮਗਾ, ਬਿੰਦੀਆਰਾਣੀ ਨੇ ਚਾਂਦੀ ਤਮਗਾ,ਸੰਕੇਤ ਸਰਗਰ ਨੇ ਚਾਂਦੀ ਅਤੇ ਗੁਰੂਰਾਜਾ ਨੇ ਕਾਂਸੇ ਦੇ ਤਮਗੇ ਜਿੱਤੇ ਸਨ। ਅੱਜ ਜੇਰੇਮੀ ਲਾਲਰਿ-ਨੁੰਗਾ ਅਤੇਅਚਿੰਤਾ ਸ਼ਿਊਲੀ ਨੇ ਵੇਟਲਿਫਟਿੰਗ ਵਿੱਚ ਭਾਰਤ ਨੂੰ ਸੋਨ ਤਮਗਾ ਦਿਵਾਇਆ।

ਅਚਿੰਤਾ ਸ਼ਿਊਲੀ ਨੇ ਦੇਸ਼ ਲਈ ਤੀਸਰਾ ਸੋਨੇ ਦਾ ਅਤੇ ਕੁੱਲ ਛੇਵਾਂ ਤਮਗਾ ਜਿੱਤਿਆ। ਇਸ ਤੋਂ ਪਹਿਲਾਂ ਐਤਵਾਰ ਹੀ ਜੇਰੇਮੀ ਲਾਲਰਿਨੁੰਗਾ ਨੇ ਇਤਿਹਾਸ ਰਚਦੇ ਹੋਏ ਵੇਟਫਿਲਟਿੰਗ ਵਿੱਚ ਗੋਲਡ ਮੈਡਲ ਜਿੱਤਿਆ ਸੀ। ਉਹ ਬਰਮਿੰਘਮ ਵਿੱਚ ਗੋਲਡ ਮੈਡਲ ਜਿੱਤਣ ਵਾਲੇ ਭਾਰਤ ਦੇ ਪਹਿਲੇ ਪੁਰਸ਼ ਐਥਲੀਟ ਬਣੇ ਸਨ। ਅੱਜਤੱਕ ਭਾਰਤ ਨੂੰ 6 ਤਮਗੇ ਮਿਲ ਚੁੱਕੇ ਹਨ ਅਤੇ ਇਹ ਸਾਰੇ ਤਮਗੇ ਭਾਰਤ ਨੂੰ ਵੇਟਫਿਲਟਿੰਗ ਵਿੱਚ ਹੀ ਮਿਲੇ ਹਨ।



# ਸਾਰੇ ਦਿਨ ਦੀ ਖਿੱਚੋਤਾਣ ਪਿੱਛੋਂ ਸ਼ਿਵ ਸੈਨਾ ਨੇਤਾ ਸੰਜੇ ਰਾਊਤ ਈ ਡੀ ਵੱਲੋਂ ਗ੍ਰਿਫਤਾਰ

ਮੁੰਬਈ, 31 ਅਗਸਤ, (ਪੋਸਟ ਬਿਊਰੋ)- ਸ਼ਿਵ ਸੈਨਾ ਵਿੱਚ ਊਧਵ ਠਾਕਰੇ ਤੋਂ ਬਾਅਦ ਪਾਰਟੀ ਦੂਸਰਾ ਵੱਡਾ ਆਗੂਮੰਨੇ ਜਾਂਦੇ ਸੰਜੇ ਰਾਊਤ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਟੀਮ ਨੇ ਗ੍ਰਿਫਤਾਰ ਕਰ ਲਿਆ ਹੈ।ਅੱਜਐਤਵਾਰ ਈ ਡੀਸਵੇਰ ਤੋਂ ਹੀ 'ਪਾਤਰਾ ਚਾਲ ਜ਼ਮੀਨ ਘਪਲੇ' ਨਾਲ ਜੁੜੇ ਮਨੀ ਲਾਂਡਰਿੰਗ ਦੇ ਬਹੁ-ਚਰਚਿਤ ਕੇਸ ਵਿੱਚ ਉਨ੍ਹਾਂ ਦੇ ਘਰ ਵਿੱਚਪੁੱਛਗਿੱਛ ਕਰ ਰਹੀ ਸੀ ਅਤੇ ਸ਼ਾਮ ਨੂੰ ਗ੍ਰਿਫਤਾਰ ਕਰ ਕੇ ਨਾਲ ਲੈ ਗਈ।

ਵਰਨਣ ਯੋਗ ਹੈ ਕਿ ਐਤਵਾਰ ਸਵੇਰੇ 7 ਵਜੇ ਈ ਡੀ ਦੀ ਟੀਮ ਸੰਜੇ ਰਾਊਤ ਦੇ ਘਰ ਪਹੁੰਚਣ ਤੋਂ ਪਹਿਲਾਂਇਸੇ ਕੇਸ ਵਿੱਚ ਉਸ ਨੂੰ 27 ਜੁਲਾਈ ਨੂੰ ਈ ਡੀ ਨੇ ਤਲਬ ਕੀਤਾ ਗਿਆ ਸੀ।ਓਦੋਂ ਉਹ ਪੇਸ਼ ਨਹੀਂ ਸੀ ਹੋਇਆ।ਸੰਜੇ ਰਾਊਤ ਉੱਤੇ ਜਾਂਚ ਵਿੱਚ ਸਹਿਯੋਗ ਨਾ ਕਰਨ ਦੇ ਦੋਸ਼ ਪਿੱਛੋਂ ਅੱਜਈ ਡੀ ਦੀ ਟੀਮ ਉਨ੍ਹਾਂ ਦੇ ਘਰ ਚਲੀ ਗਈ।ਉਨ੍ਹਾਂ ਨੂੰ ਪਹਿਲੀ ਵਾਰ ਕੇਂਦਰੀ ਜਾਂਚ ਏਜੰਸੀ ਈਡੀ ਨੇ 20 ਜੁਲਾਈ ਨੂੰ ਸੱਦਿਆ ਸੀ, ਪਰ ਸੰਜੇ ਰਾਉਤ ਨੇ ਵਕੀਲਾਂ ਰਾਹੀਂ ਦੱਸਿਆਸੀ ਕਿ ਪਾਰਲੀਮੈਂਟ ਸੈਸ਼ਨ ਹੋਣ ਕਾਰਨ 7 ਅਗਸਤ ਮਗਰੋਂ ਈਡੀ ਕੋਲ ਆ ਸਕਦੇ ਹਨ। ਮੁੰਬਈ ਵਿੱਚ ਪਾਤਰਾ ਚਾਲ (ਵਸੇਬੇ ਦੀ ਇੱਕ ਬਿਲਡਿੰਗ) ਦੇ ਪੁਨਰ ਵਿਕਾਸਵਿੱਚ ਬੇਨਿਯਮੀਆਂ ਅਤੇ ਮਨੀ ਲਾਂਡਰਿੰਗ ਬਾਰੇਈਡੀ ਸੰਜੇ ਰਾਉਤ ਦੀ ਭੂਮਿਕਾ ਦੀ ਜਾਂਚ ਕਰ ਰਹੀ ਹੈ। ਅਪਰੈਲ ਵਿੱਚ ਈਡੀ ਨੇ ਇਸੇ ਜਾਂਚ ਵਿੱਚ ਸੰਜੇ ਰਾਉਤ ਦੀ ਪਤਨੀ ਵਰਸ਼ਾ ਅਤੇ ਉਨ੍ਹਾਂ ਦੇ ਦੋ ਸਾਥੀਆਂ ਦੀ 11.15 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਅਸਥਾਈ ਤੌਰ ਉੱਤੇ ਜ਼ਬਤ ਕਰ ਲਈ ਸੀ।

ਇਸ ਦੌਰਾਨ ਇਸੇ ਕੇਸ ਵਿੱਚ 1 ਜੁਲਾਈ ਨੂੰ ਜਾਂਚ ਅਧਿਕਾਰੀਆਂ ਨੇ ਸੰਜੇ ਰਾਊਤ ਤੋਂ ਕਰੀਬ 10 ਘੰਟੇ ਪੁੱਛਗਿੱਛ ਕੀਤੀ ਅਤੇ ਮਨੀ ਲਾਂਡਰਿੰਗ ਐਕਟ (ਪੀਐਮਐਲਏ) ਦੀਆਂ ਅਪਰਾਧਿਕ ਧਾਰਾਵਾਂ ਹੇਠਉਸ ਦੇ ਬਿਆਨ ਦਰਜਕੀਤੇ ਸਨ। ਲਾਏ ਗਏ ਦੋਸ਼ਾਂ ਮੁਤਾਬਕ ਪਾਤਰਾ ਚਾਲ ਜ਼ਮੀਨ ਕੇਸ ਵਿੱਚ ਸਰਕਾਰੀ ਜ਼ਮੀਨ ਉੱਤੇ ਫਲੈਟ ਬਣਾਉਣੇ ਤੇਲੋਕਾਂ ਨੂੰਦਿੱਤੇ ਜਾਣੇ ਸਨ। ਇਸ ਦਾ ਕੁਝ ਹਿੱਸਾ ਪ੍ਰਾਈਵੇਟ ਡਿਵੈਲਪਰਸ ਨੂੰ ਵੀ ਵੇਚਿਆ ਜਾਣਾ ਸੀ। ਜਿਸ ਕੰਪਨੀ ਨੇ ਇਹ ਠੇਕਾ ਲਿਆ, ਉਹ ਸੰਜੇ ਰਾਊਤ ਦੇ ਰਿਸ਼ਤੇਦਾਰ ਪ੍ਰਵੀਣ ਰਾਊਤ ਦੀ ਸੀ। ਦੋਸ਼ ਹੈ ਕਿ ਏਥੇ ਕੋਈ ਫਲੈਟ ਬਣਾਏ ਨਹੀਂ ਗਏ ਅਤੇ ਸਾਰੀ ਜ਼ਮੀਨ ਪ੍ਰਾਈਵੇਟ ਡਿਵੈਲਪਰਸ ਨੂੰ ਵੇਚ ਦਿੱਤੀ ਸੀ। ਸੰਜੇ ਰਾਊਤ ਤੋਂ ਇਸ ਘਪਲੇ ਬਾਰੇ ਪੁੱਛਗਿੱਛ ਕੀਤੀ ਜਾਣੀ ਸੀ, ਪਰ ਈ ਡੀ ਦੇ ਸੰਮਨ ਮਗਰੋਂ ਵੀ ਉਹ ਜਾਂਚ ਏਜੰਸੀ ਦੇ ਦਫਤਰ ਨਹੀਂ ਸਨ ਪਹੁੰਚੇ।



ਸੰਜੇ ਰਾਉਤ ਦੇ ਸਹਿਯੋਗੀ ਅਤੇ ਗੁਰੂ ਆਸ਼ੀਸ਼ ਕੰਸਟਰਕਸ਼ਨ ਪ੍ਰਾਈਵੇਟ ਦੇ ਸਾਬਕਾ ਡਾਇਰੈਕਟਰ ਪ੍ਰਵੀਣ ਐਮ ਰਾਉਤ ਦੇ ਨਾਂਅ ਉੱਤੇ ਪਾਲਘਰ ਅਤੇ ਠਾਣੇ ਜ਼ਿਲ੍ਹਿਆਂ ਵਿੱਚ ਅਟੈਚ ਕੀਤੀ ਗਈ ਜ਼ਮੀਨ ਅਤੇ ਕੁਝ ਜਾਇਦਾਦਾਂ ਹਨ ਅਤੇ ਹੋਰ ਜਾਇਦਾਦਾਂ ਵਿੱਚ ਮੁੰਬਈ ਦੇ ਇੱਕ ਉੱਪ-ਨਗਰ ਦਾਦਰ ਵਿੱਚ ਵਰਸ਼ਾ ਰਾਉਤ ਦੇ ਨਾਂ ਦਾ ਫਲੈਟ ਅਤੇ ਅਲੀਬਾਗ ਦੇ ਬੀਚ ਕੰਢੇ ਅੱਠ ਪਲਾਟ ਸ਼ਾਮਲ ਹਨ, ਜਿਹੜੇ ਸੰਜੇ ਰਾਉਤਦੀ ਪਤਨੀ ਵਰਸ਼ਾ ਰਾਉਤਤੇ ਕਰੀਬੀ ਸੁਜੀਤ ਪਾਟਕਰ ਅਤੇ ਸਵਪਨਾ ਪਾਟਕਰ ਦੇ ਨਾਂ ਉੱਤੇ ਸਾਂਝੇ ਤੌਰ ਉੱਤੇ ਰੱਖੇ ਗਏ ਦੱਸੇ ਜਾਂਦੇ ਹਨ।

ਅੱਜ ਸਾਰਾ ਦਿਨ ਸੰਜੇ ਰਾਉਤ ਦੇ ਘਰ ਜਦੋਂ ਈ ਡੀ ਉਸ ਦੀ ਪੁੱਛਗਿੱਛ ਦਾ ਯਤਨ ਕਰਦੀ ਰਹੀ, ਬਾਹਰ ਉਸ ਦੀ ਪਾਰਟੀ ਦੇ ਲੋਕ ਹੰਗਾਮਾ ਕਰਦੇ ਰਹੇ, ਪਰ ਸ਼ਾਮ ਵੇਲੇ ਈ ਡੀ ਉਸ ਨੂੰ ਗ੍ਰਿਫਤਾਰ ਕਰ ਕੇ ਲੈ ਗਈ।

## ਅੱਜ ਨਾਮਾ

ਕਦੀ ਤਾਂ ਮਿੱਤਰ ਸਨ ਭਾਜਪਾ-ਸ਼ਿਵ ਸੈਨਿਕ,
ਬਣੀ ਫਿਰ ਦੁਸ਼ਮਣੀ ਪਿਆ ਜਦ ਪਾੜ ਬੇਲੀ।
ਚੌਧਰ ਖਾਤਰ ਜੇ ਦੋਵਾਂ ਵਿੱਚ ਪਿਆ ਪਾਟਕ,
ਦਿੱਤਾ ਈ ਪਾਟਕ ਫਿਰ ਕੰਮ ਵਿਗਾੜ ਬੇਲੀ।
ਮੈਦਾਨੋਂ ਕੱਢਣ ਲਈ ਦੋਵਾਂ ਫਿਰ ਦੂਸਰੀ ਨੂੰ,
ਆਪਸ ਵਿੱਚ ਵਰਤਿਆ ਜੋੜ ਜੁਗਾੜ ਬੇਲੀ।
ਭਾਜਪਾ ਤਕੜੀ ਤਾਂ ਉਹਦੀ ਹੈ ਮਾਰ ਤਕੜੀ,
ਛੱਡੇ ਉਸ ਸੈਨਿਕਾਂਦੇ ਕਦਮ ਉਖਾੜ ਬੇਲੀ।
ਦੂਸਰਾ ਵੱਡਾ ਜੋ ਲੀਡਰ ਸ਼ਿਵ ਸੈਨਿਕਾਂ ਦਾ,
ਆ ਕੇ ਏਜੰਸੀਆ ਘਰੋਂ ਲਿਆ ਚੁੱਕ ਬੇਲੀ।
ਤੁਣਕਾ ਲੱਗ ਗਿਆ ਜਿੱਦਾਂ ਦਾ ਸੈਨਿਕਾਂ ਨੂੰ,
ਸਾਹ ਰਗ ਅੱਧੀ ਗਈ ਜਾਪਦੀ ਟੁੱਕ ਬੇਲੀ।

**ਤੀਸ ਮਾਰ ਖਾਂ**

# ਸਾਬਕਾ ਐਡਵੋਕੇਟ ਜਨਰਲ ਅਨਮੋਲ ਰਤਨ ਸਿੱਧੂ ਨੇ ਅਸਤੀਫ਼ਾ ਦੇਣਦਾ ਕਾਰਨ ਫਿਰ ਨਿੱਜੀ ਕਿਹਾ

ਚੰਡੀਗੜ੍ਹ, 31 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਐਡਵੋਕੇਟ ਜਨਰਲ (ਏ ਜੀ) ਅਨਮੋਲ ਰਤਨ ਸਿੱਧੂ ਨੇ ਪਿਛਲੇ ਦਿਨੀਂ ਅਚਾਨਕ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ।ਉਨ੍ਹਾ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਏ ਜੀ ਦੇਨਿਯੁਕਤ ਕੀਤਾ ਸੀ, ਇਸ ਅਹੁਦੇ ਉੱਤੇ 4 ਮਹੀਨੇ ਹੀ ਰਹੇ ਸਨ। ਉਨ੍ਹਾਂ ਦੇ ਅਸਤੀਫ਼ੇ ਨਾਲ ਪੰਜਾਬ ਦੀ ਸਿਆਸਤ ਵਿੱਚ ਕਾਫੀ ਹਲਚਲ ਹੋਈ ਤੇ ਵਿਰੋਧੀ ਧਿਰਾਂ ਨੇ ਵੀ ਕਈ ਸਵਾਲ ਉਠਾਏ ਸਨ।ਅੱਜ ਏਥੇ ਅਨਮੋਲ ਰਤਨ ਸਿੱਧੂ ਨੇ ਕਿਹਾ ਕਿ ਉਨ੍ਹਾਂ ਨੇ ਸਿਰਫ ਨਿੱਜੀ ਕਾਰਨਾਂ ਕਰਕੇ ਇਹ ਅਹੁਦਾ ਛੱਡਿਆ ਹੈ।

ਵਰਨਣ ਯੋਗ ਹੈ ਕਿ ਅਨਮੋਲ ਰਤਨ ਸਿੱਧੂਨੇ 19 ਜੁਲਾਈ ਨੂੰ ਅਸਤੀਫ਼ਾ ਦਿੱਤਾ ਸੀ। ਅੱਜ ਉਨ੍ਹਾਂ ਨੇ ਇਸ ਬਾਰੇ ਚੁੱਪ ਤੋੜੀ ਤੇ ਇੱਕ ਚੈਨਲ ਨਾਲ ਗੱਲਬਾਤ ਵਿੱਚ ਕਿਹਾ ਕਿ ਉਨ੍ਹਾਂ ਨੇ ਆਪਣਾ ਹਰ ਕੰਮ ਵਧੀਆ ਢੰਗ ਨਾਲ ਕੀਤਾ ਸੀ ਤੇ ਸਰਕਾਰ ਨੇ ਉਨ੍ਹਾਂ ਦਾ ਕੰਮ ਸਲਾਹਿਆ ਸੀ।ਸਿੱਧੂ ਨੇ ਸਰਕਾਰ ਨਾਲ ਕਿਸੇ ਤਰ੍ਹਾਂ ਦੇ ਟਕਰਾਅ ਨੂੰ ਰੱਦ ਕੀਤਾ।ਇਸ ਮੌਕੇ ਉਨ੍ਹਾਂ ਨੇ ਬੇਅਦਬੀ ਕੇਸਾਂ ਬਾਰੇ ਕਿਹਾ ਕਿ ਕਈ ਫ਼ੈਸਲੇ ਲੈਣ ਵਿੱਚ ਦੇਰ ਹੋ ਜਾਂਦੀ ਹੈ। ਇਸ ਬਾਰੇ ਉਨ੍ਹਾ ਕਿਹਾ ਕਿ ਅਸੀਂ ਹਾਈਕੋਰਟ ਵਿੱਚਪੂਰਾ ਕੇਸ ਰੱਖਿਆ, ਜਿਸ ਬਾਰੇ ਦੋ ਵਿਸ਼ੇਸ਼ ਜਾਂਚ ਟੀਮਾਂ (ਐੱਸ ਆਈ ਟੀਜ਼) ਕੋਟਕਪੂਰਾ ਤੇ ਬਹਿਬਲ ਕਲਾਂ ਬਾਰੇ ਬਣੀਆਂ ਹਨ। ਇੱਕ ਐੱਸ ਆਈ ਟੀ ਨੂੰ ਅਦਾਲਤ ਨੇ ਹਦਾਇਤ ਦਿੱਤੀ ਕਿ ਤੁਸੀਂ ਕਿੰਨੇ ਸਮੇਂ ਵਿੱਚ ਕੇਸ ਹੱਲ ਕਰਨਾ ਹੈ। ਉਨ੍ਹਾਂ ਕਿਹਾ ਕਿ ਸਾਡੀ ਜਾਂਚ ਟੀਮ ਨੇ ਦੱਸਿਆ ਕਿ ਸਾਡੀ ਕਾਨੂੰਨੀ ਕਾਰਵਾਈ ਪੂਰੀ ਹੋ ਚੁੱਕੀ ਹੈ, ਹੋਰ ਕਾਨੂੰਨੀ ਮਦਦ ਦੀ ਲੋੜ ਹੈ ਤਾਂ ਉਹ ਵੀ ਦਿਆਂਗੇ, ਪਰ ਅਸੀਂ ਕਾਨੂੰਨ ਮੁਤਾਬਕ ਆਪਣੀ ਡਿਊਟੀ ਕਰਨੀ ਹੁੰਦੀ ਹੈ, ਇਸ ਤੋਂ ਵੱਧਸਾਡਾ ਕੰਮ ਨਹੀਂ। ਉਨ੍ਹਾਂ ਕਿਹਾ ਕਿ ਅਸਤੀਫ਼ੇ ਪਿੱਛੇ ਕੋਈ ਵੱਡਾ ਕਾਰਨ ਨਹੀਂ ਅਤੇ ਉਨ੍ਹਾਂ ਨੇ ਨਿੱਜੀ ਕਾਰਨਾਂ ਕਰਕੇ ਇਹ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਮੇਰੀ ਨਾ ਕਿਸੇ ਨਾਲ ਕੋਈ ਦੁਸ਼ਮਣੀ ਸੀ ਤੇ ਨਾ ਕਿਸੇ ਨਾਲ ਰੰਜਿਸ਼ ਹੈ।

ਇਹ ਪੁੱਛਣ ਉੱਤੇ ਕਿ ਕੀ ਦਿੱਲੀ ਦੇ ਲੋਕ ਪੰਜਾਬ ਵਿੱਚ ਬਿਠਾਏ ਜਾ ਰਹੇ ਹਨ ਜਾਂ ਉਨ੍ਹਾਂ ਦੇ ਸਹਾਇਕ ਦਿੱਲੀ ਦੇ ਲੋਕ ਲਾਏ ਜਾ ਰਹੇ ਹਨ, ਉਨ੍ਹਾਂ ਕਿਹਾ ਕਿ ਇਹ ਕੋਈ ਇੰਨੀ ਵੱਡੀ ਗੱਲ ਨਹੀਂ, ਇਸ ਬਾਰੇ ਜਿਹੜੀ ਲਿਸਟ ਬਣਾਈ ਗਈ ਸੀ, ਉਹ ਜੁਲਾਈ ਦੇ ਅੰਤ ਵਿੱਚ ਬਣਾਈ ਸੀ ਤੇ ਅੰਡਰ-ਪ੍ਰੋਸੈੱਸ ਸੀ, ਇਸ ਲਈ ਇਹ ਕਹਿਣਾ ਵੀ ਗਲਤ ਹੈ ਕਿ ਉਨ੍ਹਾਂ ਉੱਤੇ ਦਿੱਲੀ ਦੇ ਲੋਕ ਬਿਠਾਏ ਜਾ ਰਹੇ ਸਨ, ਇਹੋ ਜਿਹੀ ਕੋਈ ਗੱਲ ਨਹੀਂ ਕਹੀ ਜਾ ਸਕਦੀ।

# ਸਰਬਜੀਤ ਮੱਕੜ ਦੇ ਭਰਾ ਦੇ ਘਰੋਂ 50 ਲੱਖ ਦੀ ਨਕਦੀ, ਗਹਿਣੇ ਚੋਰੀ ਕਰਨ ਦਾ ਭਾਜਪਾ ਆਗੂ ਉੱਤੇ ਦੋਸ਼

*** ਦੋਸ਼ੀ ਦੱਸੇ ਗਏ ਭਾਜਪਾ ਨੇਤਾ ਵੱਲੋਂ ਮੋੜਵੇਂ ਦੋਸ਼**

ਜਲੰਧਰ, 31 ਅਗਸਤ, (ਪੋਸਟ ਬਿਊਰੋ)- ਆਦਮਪੁਰ ਦੇ ਸਾਬਕਾ ਅਕਾਲੀ ਵਿਧਾਇਕ ਅਤੇ ਅੱਜਕੱਲ੍ਹ ਭਾਜਪਾ ਲੀਡਰ ਸਰਬਜੀਤ ਸਿੰਘ ਮੱਕੜ ਦੇ ਭਰਾ ਭੁਪਿੰਦਰ ਸਿੰਘ ਵੱਲੋਂ ਭਾਜਪਾ ਨੇਤਾ ਉੱਤੇ ਦੋਸ਼ ਲਾਉਣ ਨਾਲ ਵਿਵਾਦ ਖੜਾ ਹੋ ਗਿਆ ਹੈ। ਭੁਪਿੰਦਰ ਸਿੰਘ ਮੱਕੜ ਨੇ ਭਾਜਪਾ ਨੇਤਾ ਮੁਕੇਸ਼ ਪੁਰੀ ਉੱਤੇ ਚੋਰੀ ਦੇ ਦੋਸ਼ ਹੇਠ ਭਾਰਗੋ ਕੈਂਪ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਇਸ ਉੱਤੇ ਮੁਕੇਸ਼ ਪੁਰੀ ਉਰਫ਼ ਮੋਨੂੰ ਦਾ ਮੋੜਵਾਂ ਬਿਆਨ ਆ ਗਿਆ ਹੈ।

ਨੈਸ਼ਨਲ ਹਾਈਵੇਅ ਉੱਤੇਮੱਕੜ ਮੋਟਰਸ ਦੇ ਮਾਲਕ ਭੁਪਿੰਦਰ ਸਿੰਘ ਨੇ ਦੋਸ਼ ਲਾਇਆ ਕਿ ਮਕਸੂਦਾਂ ਮੰਡੀ ਵਿੱਚ ਆਲੂ ਕਾਰੋਬਾਰੀ ਅਤੇ ਭਾਜਪਾ ਨੇਤਾ ਮੁਕੇਸ਼ ਪੁਰੀ ਉਰਫ਼ ਮੋਨੂੰ ਉਨ੍ਹਾਂ ਦਾ ਦੋਸਤ ਹੈ। ਪਿਛਲੇ ਦਿਨੀਂ ਉਹ ਉਨ੍ਹਾਂ ਨੂੰ ਮਿਲਣ ਆਇਆ ਤਾਂ ਜਦੋਂ ਉਹ ਚਾਹ ਪੀ ਰਹੇ ਸਨ, ਉਨ੍ਹਾਂ ਨੂੰ ਫ਼ੋਨ ਆਇਆ ਕਿ ਮੁਕੇਰੀਆਂ ਵਿੱਚ ਉਨ੍ਹਾਂ ਦੀ ਭੈਣ ਦਾ ਐਕਸੀਡੈਂਟ ਹੋ ਗਿਆ ਹੈ। ਉਹ ਓਧਰ ਚੱਲੇ ਤਾਂ ਲਾਕਰ ਨੂੰ ਲਾਕ ਕਰਨਾ ਭੁੱਲ ਗਏ। ਮੋਨੂੰ ਓਦੋਂ ਘਰ ਵਿੱਚ ਸੀਅਤੇਉਸ ਨੇ ਉਨ੍ਹਾਂ ਦੇ ਘਰੋਂ 50 ਲੱਖ ਰੁਪਏ ਨਕਦੀ, ਡਾਇਮੰਡ ਸੈੱਟ ਅਤੇ ਸੋਨੇ ਦੇ ਗਹਿਣੇ ਚੋਰੀ ਕਰ ਲਏਅਤੇ ਫਰਾਰ ਹੋ ਗਿਆ ਹੈ।

ਦੂਸਰੇ ਪਾਸੇ ਮੋਨੂੰ ਪੁਰੀ ਨੇ ਭੁਪਿੰਦਰ ਮੱਕੜ ਉੱਤੇ ਦੋਸ਼ ਲਾਇਆ ਕਿ ਉਹ ਉਨ੍ਹਾਂ ਦੀ ਜਾਇਦਾਦ ਲੈਣਾ ਚਾਹੁੰਦਾ ਹੈ ਤੇਮੱਕੜਵੱਲੋਂ ਲਾਏ ਦੋਸ਼ ਗ਼ਲਤ ਹਨ।ਮੋਨੂੰ ਪੁਰੀ ਨੇ ਕਿਹਾ ਕਿ 2016 ਵਿੱਚ ਨੋਟਬੰਦੀਵੇਲੇ ਉਨ੍ਹਾਂ ਨੇ ਭੁਪਿੰਦਰ ਮੱਕੜ ਤੋਂ 30 ਲੱਖ ਰੁਪਏ ਦਾ ਚੈੱਕ ਲਿਆ ਤੇ ਉਸ ਦੇ ਬਦਲੇਪ੍ਰਾਪਰਟੀ ਦਾ ਬਿਆਨਾ ਲਿਖਾਇਆ ਸੀ। ਮੋਨੂੰ ਨੇ ਕਿਹਾ ਕਿ ਉਨ੍ਹਾਂ ਨੇ ਇੱਕ ਸਾਲ ਤੱਕ ਉਸ ਰਕਮ ਦਾ ਵਿਆਜ਼ ਦਿੱਤਾ ਅਤੇ ਫਿਰ ਭੁਪਿੰਦਰ ਸਿੰਘ ਨੂੰ ਨਾ ਪੇਮੈਂਟ ਦਿੱਤੀ ਅਤੇ ਨਾ ਵਿਆਜ਼, ਜਿਸ ਕਾਰਨ ਉਨ੍ਹਾਂ ਨੇ ਸਾਲ 2018 ਉੱਤੇ ਉਨ੍ਹਾਂ ਉੱਤੇ ਕੇਸ ਕਰ ਦਿੱਤਾ। ਮੋਨੂੰ ਨੇ ਕਿਹਾ ਕਿ ਉਨ੍ਹਾਂ ਸਾਲ 2021 ਵਿੱਚ ਭੁਪਿੰਦਰ ਸਿੰਘ ਨੂੰ ਸਾਰੀ ਰਕਮ ਦੇ ਦਿੱਤੀ ਤਾਂ ਉਸ ਨੇ ਕੇਸ ਵਾਪਸ ਲੈ ਲਿਆ।ਫਿਰ ਸਾਰੀ ਰਕਮ ਦੇਣ ਦੇ ਬਾਅਦ ਉਨ੍ਹਾਂ ਨੇ ਮੱਕੜ ਤੋਂ ਆਪਣੀ ਪ੍ਰਾਪਟੀ ਦਾ ਬਿਆਨਾ ਵਾਪਸ ਦੇਣ ਨੂੰ ਕਿਹਾ ਤਾਂ ਉਹ ਟਾਲਣ ਲੱਗ ਪਿਆਅਤੇ ਉਲਟਾ ਉਸ ਨੇ 3 ਸਾਲ ਦਾ ਹੋਰ ਵਿਆਜ਼ ਮੰਗਿਆ, ਜਿਸ ਦੀ ਰਕਮ 30-40 ਲੱਖ ਰੁਪਏ ਦੱਸੀ ਗਈ ਹੈ। ਇਸ ਕਾਰਨ ਉਸ ਨੇ ਉਸ ਉੱਤੇ ਝੂਠੀ ਸ਼ਿਕਾਇਤ ਦਰਜ ਕਰਵਾ ਕੇ ਫਸਾਉਣ ਦੀ ਕੋਸ਼ਿਸ਼ ਕੀਤੀ ਹੈ।


TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043) 647-208-7011

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਮੁੱਖ ਮੰਤਰੀ ਮਾਨ ਦਾ ਐਲਾਨ: ਸਾਬਕਾ ਮੁੱਖ ਮੰਤਰੀਆਂ ਦੀਆਂ ਜ਼ਮੀਨਾਂ ਦੀ ਪੜਤਾਲ ਵੀ ਜਾਰੀ, ਭਾਜਪਾ ਵਾਲਿਆਂ ਦਾ ਵੀ ਨੰਬਰ ਆਏਗਾ

ਚੰਡੀਗੜ੍ਹ, 31 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ 'ਅਸੀਂ ਜਨਤਾ ਨਾਲ ਕੀਤੇ ਵਾਅਦੇ ਪੂਰੇ ਕਰ ਰਹੇ ਹਾਂ। ਬਿਜਲੀ ਮੁਫਤ ਦਾ ਵਾਅਦਾ ਸੀ, 1 ਜੁਲਾਈ ਤੋਂ ਹਰ ਬਿੱਲਵਿੱਚ 600 ਯੂਨਿਟ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ। ਇਸ ਨਾਲ ਸਤੰਬਰ ਦੇ ਪਹਿਲੇ ਹਫ਼ਤੇ 51 ਲੱਖ ਪਰਿਵਾਰਾਂ ਨੂੰ ਜ਼ੀਰੋ ਬਿੱਲ ਮਿਲਣਗੇ।'ਉਨ੍ਹਾ ਨੇ ਕਿਹਾ ਕਿ 15 ਅਗਸਤ ਨੂੰ ਆਜ਼ਾਦੀ ਦਾ 75ਵਾਂ ਸਾਲ ਮਨਾਉਣ ਮੌਕੇ 75 ਮੁਹ-ੱਲਾ ਕਲੀਨਿਕ ਲੋਕਾਂ ਨੂੰ ਸਮਰਪਿਤ ਕਰ ਰਹੇ ਹਾਂ ਅਤੇ ਕੁਝ ਅਜਿਹੇ ਕੰਮ ਵੀ ਕੀਤੇ ਹਨ, ਜਿਨ੍ਹਾਂ ਦਾ ਵਾਅਦਾ ਵੀ ਨਹੀਂ ਕੀਤਾ ਸੀ।ਮਿਸਾਲ ਵਜੋਂ ਇੱਕ ਵਿਧਾਇਕ, ਇਕ ਪੈਨਸ਼ਨ ਲਾਗੂ ਕੀਤੀ ਹੈ।ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦੇ ਵਾਅਦੇ ਬਾਰੇਉਨ੍ਹਾ ਨੇ ਕਿਹਾ ਕਿ ਅਸੀਂ ਇਸ ਉੱਤੇ ਕੰਮ ਕਰ ਰਹੇ ਹਾਂ, ਪਰਸਾਡੀ ਸਰਕਾਰ ਕਰਜ਼ਾ ਲੈ ਕੇ ਕੋਈ ਸਹੂਲਤ ਨਹੀਂ ਦੇਵੇਗੀ।

ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ 'ਸਾਡੀ ਸਰਕਾਰ ਨੇ ਸਰਕਾਰੀ ਜ਼ਮੀਨਾਂ ਮਾਫੀਆ ਤੋਂਛੁਡਵਾਈਆਂ ਹਨ, ਜਿਨ੍ਹਾਂ ਵਿੱਚ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਅਤੇ ਜਵਾਈ ਦੇ ਕਬਜ਼ੇ ਵਿੱਚਵੀ ਕਈ ਏਕੜ ਜ਼ਮੀਨ ਸੀ, ਪਰ ਕਿਸੇ ਗਰੀਬ ਦੀ ਜ਼ਮੀਨ ਨਹੀਂ ਖੋਹੀ। ਚਾਰ ਮਹੀਨਿਆਂ ਵਿੱਚ ਅਸੀਂ ਜਨਤਾ ਦੇ ਪੈਸੇ ਦੀ ਲੁੱਟ ਰੋਕੀ ਹੈ। ਸਰਕਾਰੀ ਪੈਸਾ ਲੁੱਟਣ ਵਾਲੇ ਹਰ ਵਿਅਕਤੀ ਤੋਂ ਪੈਸਾ ਵਾਪਸ ਲੈ ਕੇ ਮੁਹੱਲਾ ਕਲੀਨਿਕ, ਕਾਲਜ ਆਦਿ ਜਨਤਕ ਕੰਮਾਂ ਲਈ ਵਰਤਿਆ ਜਾਵੇਗਾ ਅਤੇ ਕੋਈ ਵੀ ਲੁੱਟ ਕਰਨ ਵਾਲਾ ਬਖਸ਼ਿਆ ਨਹੀਂ ਜਾਵੇਗਾ।'ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 'ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਜ਼ਮੀਨਾਂ ਦੀ ਵੀ ਜਾਂਚ ਕਰਵਾਂ ਰਹੇ ਹਾਂ। ਪੰਜਾਬ ਨੂੰ ਲੁੱਟਣ ਵਾਲਿਆਂ ਤੋਂ ਸਾਰਾ ਹਿਸਾਬ ਲਵਾਂਗੇ।ਅਸੀਂ ਆਪਣੇ ਮੰਤਰੀ ਵਿਰੁੱਧ ਚਾਰਜਸ਼ੀਟ ਪੇਸ਼ ਕਰ ਦਿੱਤੀ ਹੈ ਤਾਂ ਗਲਤ ਕੰਮ ਕਰਨ ਵਾਲੇਸਾਰਿਆਂ ਨੂੰ ਸਜ਼ਾ ਦੇਵਾਂਗੇ। ਪਿਛਲੀਆਂ ਸਰਕਾਰਾਂ ਨੇ ਆਪਣੇ ਦੋਸਤਾਂ ਖਿਲਾਫ ਕਾਰਵਾਈਕਦੇਨਹੀਂ ਸੀ ਕੀਤੀ। ਮੈਂ ਭਾਜਪਾ ਵਾਲਿਆਂ ਨੂੰ ਕਹਾਂਗਾ ਕਿ ਸਬਰ ਰੱਖੋ, ਤੁਹਾਡੀ ਵਾਰੀ ਵੀ ਆਵੇਗੀ।'

ਪਿਛਲੇ ਮਹੀਨੇ ਪਾਰਲੀਮੈਂਟ ਹਲਕਾ ਸੰਗਰੂਰ ਦੀ ਉੱਪ ਚੋਣਦੌਰਾਨ ਆਮ ਆਦਮੀ ਪਾਰਟੀ ਦੀ ਹਾਰਬਾਰੇਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਸ ਵਾਰ ਵੋਟਿੰਗ ਘੱਟ ਹੋਈ ਹੈ ਤੇ ਉਂਜ ਵੀਹੋਰਨਾਂ ਚੋਣਾਂ ਵੇਲੇ ਕਈ ਵਾਰ ਮਾਹੌਲ ਬਦਲ ਜਾਂਦਾ ਹੈ। ਦਿੱਲੀ ਵਿੱਚਸਾਲ 2014 ਤੇ 2019 ਵਿੱਚ ਭਾਜਪਾ ਨੇ ਲੋਕ ਸਭਾ ਦੀਆਂ ਸਾਰੀਆਂ ਸੀਟਾਂ ਜਿੱਤ ਲਈਆਂ ਸਨ, ਪਰ ਵਿਧਾਨ ਸਭਾ ਚੋਣਾਂ ਵਿੱਚ ਸਾਨੂੰ 90 ਫੀਸਦੀ ਤੋਂ ਵੱਧ ਵੋਟਾਂ ਮਿਲੀਆਂ। ਸਿਆਸਤ ਵਿੱਚ ਅਜਿਹਾ ਹੀ ਚੱਲਦਾ ਹੈ, ਲੋਕਾਂ ਵਿੱਚ ਕੋਈ ਨਾਰਾਜ਼ਗੀ ਨਹੀਂ। ਇਹ ਜ਼ਰੂਰ ਹੈ ਕਿ ਲੋਕਾਂ ਨੂੰ ਲੱਗਾ ਕਿ ਅਸੀਂ 70 ਸਾਲਾਂ ਤੋਂ ਜੋ ਪੀਸ ਰਹੇ ਹਾਂ, ਉਹ ਰੱਬ ਠੀਕ ਕਰ ਦੇਵੇਗਾ, ਪਰ ਮੈਨੂੰ ਸਭ ਕੁਝ ਠੀਕ ਕਰਨ ਲਈ ਕੁਝ ਸਮਾਂ ਲੱਗੇਗਾ।

# ਝਾਰਖੰਡ ਦੇ ਤਿੰਨ ਵਿਧਾਇਕ ਵੱਡੀ ਗਿਣਤੀ ਵਿੱਚ ਨਕਦੀ ਸਣੇ ਹਾਵੜਾ ਤੋਂ ਗ੍ਰਿਫ਼ਤਾਰ

*** ਮਾਇਆ ਗਿਣਨ ਲਈ ਮਸ਼ੀਨਾਂ ਮੰਗਾਈਆਂ ਗਈਆਂ**

ਰਾਂਚੀ, 31 ਜੁਲਾਈ, (ਪੋਸਟ ਬਿਊਰੋ)- ਝਾਰਖੰਡ ਦੇ ਤਿੰਨ ਵਿਧਾਇਕ ਸ਼ਨੀਵਾਰ ਨੂੰ ਕੋਲਕਾਤਾ ਦੇ ਹਾਵੜਾ ਤੋਂ ਗ੍ਰਿਫਤਾਰ ਕੀਤੇ ਗਏ ਅਤੇਦੱਸਿਆਗਿਆ ਹੈ ਕਿ ਇਨ੍ਹਾਂ ਤੋਂ ਵੱਡੀ ਗਿਣਤੀ ਰੁਪਏ ਮਿਲੇ ਹਨ। ਇਹ ਨਕਦੀ ਗਿਣਨ ਲਈ ਮਸ਼ੀਨਾਂ ਮੰਗਵਾਈਆਂ ਗਈਆਂ ਹਨ। ਵਿਧਾਇਕਾਂ ਦੇ ਨਾਂ ਨਮਨ ਵਿੱਕਲ ਕੋਂਗੜੀ, ਡਾਕਟਰ ਇਰਫਾਨ ਅੰਸਾਰੀ ਤੇ ਰਾਜੇਸ਼ ਕੱਛਯਪ ਹਨ। ਤਿੰਨੇ ਕਾਂਗਰਸੀ ਵਿਧਾਇਕ ਹਨ ਅਤੇਪਤਾ ਲੱਗਾ ਹੈ ਕਿ ਪੁਲਿਸ ਨੇ ਇਨ੍ਹਾਂ ਨੂੰ ਨੈਸ਼ਨਲ ਹਾਈਵੇ-16 ਹਾਵੜਾ ਤੋਂ ਫੜਿਆ ਹੈ। ਉਨ੍ਹਾਂ ਕੋਲ ਮੋਟੀ ਰਕਮ ਦੇਖ ਕੇ ਪੁਲੀਸ ਦੰਗ ਰਹਿ ਗਈ ਅਤੇ ਪੁੱਛਗਿੱਛ ਵਿੱਚ ਉਨ੍ਹਾਂ ਅਜੇ ਤੱਕ ਇਹ ਨਹੀਂ ਦੱਸਿਆ ਕਿ ਇਹ ਪੈਸੇ ਕਿਸ ਦੇ ਹਨ ਅਤੇ ਕਿੱਥੋਂ ਲੈ ਕੇ ਆ ਰਹੇ ਸਨ।

ਦੱਸਿਆ ਜਾਂਦਾ ਹੈ ਕਿ ਝਾਰਖੰਡ ਕਾਂਗਰਸ ਦੇ ਕੇਂਦਰ ਵੱਲੋਂ ਇੰਚਾਰਜ ਅਵਿਨਾਸ਼ ਪਾਂਡੇ ਇਸ ਸਮੇਂ ਝਾਰਖੰਡ ਵਿੱਚ ਹਨ। ਉਨ੍ਹਾਂ ਨੇ ਕੁਝ ਦਿਨ ਪਹਿਲਾਂ ਵਿਧਾਇਕਾਂ ਦੀ ਮੀਟਿੰਗ ਕਰ ਕੇ ਹਦਾਇਤਾਂ ਦਿੱਤੀਆਂ ਸਨ ਕਿ ਕੋਈ ਵਿਧਾਇਕ ਰਾਜ ਤੋਂ ਬਾਹਰ ਨਾ ਜਾਵੇ ਅਤੇ ਜੇ ਜਾਣਾ ਪੈ ਜਾਵੇ ਤਾਂ ਪਹਿਲਾਂ ਪਾਰਟੀ ਨੂੰ ਦੱਸਣਾ ਪਵੇਗੀ। ਇਸ ਦੇ ਬਾਵਜੂਦ ਤਿੰਨੇ ਵਿਧਾਇਕ ਚੁੱਪਚਾਪ ਝਾਰਖੰਡ ਤੋਂ ਕੋਲਕਾਤਾ ਚਲੇ ਗਏ, ਜਿੱਥੇ ਇਨ੍ਹਾਂ ਤੋਂ ਵੱਡੀ ਰਕਮ ਮਿਲੀ ਹੈ। ਕਾਂਗਰਸ ਵਿੱਚ ਫੁੱਟ ਦੀ ਸੰਭਾਵਨਾ ਕਾਰਨ ਇਨ੍ਹਾਂ ਵਿਧਾਇਕਾਂ ਨੂੰ ਰਾਜ ਤੋਂ ਬਾਹਰ ਜਾਣ ਤੋਂ ਰੋਕਿਆ ਗਿਆ ਸੀ। ਕਈ ਦਿਨਾਂ ਤੋਂ ਅਟਕਲਾਂ ਲੱਗਰਹੀਆਂ ਸਨ ਕਿ ਝਾਰਖੰਡ ਦੇ ਕਈ ਕਾਂਗਰਸੀ ਵਿਧਾਇਕ ਪਾਰਟੀ ਛੱਡ ਕੇ ਭਾਜਪਾ ਵਿੱਚ ਜਾਣ ਦੀ ਸੋਚ ਰਹੇ ਹਨ।

ਮਿਲੀ ਜਾਣਕਾਰੀ ਮੁਤਾਬਕ ਕਰੋੜਾਂ ਰੁਪਏ ਨਾਲ ਫੜੇ ਗਏ ਤਿੰਨਾਂ ਜਣਿਆਂ ਵਿੱਚੋਂ ਜਾਮਤਾੜਾ ਹਲਕੇ ਦੇ ਵਿਧਾਇਕ ਦੀ ਪਲੇਟ ਵੀ ਗੱਡੀ ਉੱਤੇ ਲੱਗੀ ਸੀ। ਹਾਵੜਾ ਦੇ ਨੈਸ਼ਨਲ ਹਾਈਵੇ ਉੱਤੇ ਪੁਲਿਸ ਨੇ ਇਹ ਕਾਰਵਾਈ ਸੂਹ ਮਿਲਣ ਉੱਤੇ ਕੀਤੀ ਅਤੇ ਵਿਧਾਇਕਾਂ ਨੂੰ ਹਾਵੜਾ ਦੇ ਪੰਜਾਲਾ ਥਾਣੇ ਲਿਆਂਦਾ ਗਿਆ। ਹਾਵੜਾ ਦਿਹਾਤੀ ਦੀ ਐਸਪੀ ਸਵਾਤੀ ਭੰਗਾਲੀਆ ਨੇ ਵਿਧਾਇਕਾਂ ਦੀ ਗ੍ਰਿਫ਼ਤਾਰੀ ਤੇ ਕਰੋੜਾਂ ਰੁਪਏ ਮਿਲਣ ਦੀ ਗੱਲ ਮੰਨੀ ਤੇਦੱਸਿਆ ਕਿ ਤਿੰਨਾਂ ਵੱਲੋਂਨਕਦੀਨਾਲ ਜਾਣ ਦੀ ਕਿਸੇ ਨੇ ਸੂਚਨਾ ਦਿੱਤੀ ਤਾਂ ਪੁਲਿਸ ਨੇ ਛਾਪਾ ਮਾਰਿਆ। ਜਦੋਂ ਗੱਡੀ ਚੈੱਕ ਕੀਤੀ ਤਾਂ ਉਸ ਵਿੱਚ ਰੁਪਏ ਸਨ।

# ਵਾਈਸ ਚਾਂਸਲਰ ਨਾਲ ਸਿਹਤ ਮੰਤਰੀ ਦੇ ਵਿਵਾਦ ਨੂੰ ਮੁੱਖ ਮੰਤਰੀ ਮਾਨ ਨੇ ਮੰਦ-ਭਾਗਾ ਕਿਹਾ

ਚੰਡੀਗੜ੍ਹ, 31 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਅਤੇ ਮੈਡੀਕਲ ਕਾਲਜ ਫਰੀਦਕੋਟ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦੁਰ ਵਿਚਾਲੇ ਹੋਏ ਵਿਵਾਦ ਮਗਰੋਂਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਡਾ. ਰਾਜ ਬਹਾਦੁਰ ਮੇਰੇ ਬਹੁਤ ਵਧੀਆ ਮਿੱਤਰ ਹਨ, ਇਹ ਵਿਵਾਦ ਮੰਦ-ਭਾਗਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਮੇਰੇ ਪਿਤਾ ਨੂੰ ਸਪਾਈਨਲ ਕੋਰਡ ਉੱਤੇ ਇੰਜਰੀ ਹੋਈ ਤਾਂ ਉਸ ਵੇਲੇ ਡਾਕਟਰ ਰਾਜ ਬਹਾਦੁਰ ਮੈਡੀਕਲ ਕਾਲਜ32 ਸੈਕਟਰਚੰਡੀਗੜ੍ਹਦੇ ਪ੍ਰਿੰਸੀਪਲ ਸਨ। ਕੰਮ ਵੇਲੇ ਏਦਾਂ ਦੀਆਂ ਤਲਖੀਆਂ ਹੋ ਜਾਂਦੀਆਂ ਹਨ ਅਤੇ ਮੈਂ ਮੰਨਦਾ ਹਾਂ ਕਿ ਇਸ ਗੱਲ ਨੂੰ ਵਧੀਆ ਤਰੀਕੇ ਨਾਲ ਹੈਂਡਲ ਕੀਤਾ ਜਾ ਸਕਦਾ ਸੀ।

ਵਰਣਣ ਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਹਸਪਤਾਲ ਵਿੱਚ ਮਾੜੇ ਪ੍ਰਬੰਧਾਂ ਬਾਰੇ ਸ਼ਿਕਾਇਤਾਂ ਮਿਲਣ ਪਿੱਛੋਂ ਪੰਜਾਬਦੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਬੀਤੇ ਸ਼ੁੱਕਰਵਾਰ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦਾ ਅਚਾਨਕ ਦੌਰਾ ਕਰਕੇ ਮਾੜੇ ਪ੍ਰਬੰਧਾਂ ਉੱਤੇ ਗੁੱਸਾ ਜ਼ਾਹਰ ਕੀਤਾ ਸੀ। ਇਸ ਮੌਕੇ ਉਨ੍ਹਾਂ ਮੈਡੀਕਲ ਕਾਲਜ ਦੇ ਵਾਈਸ ਚਾਂਸਲਰ ਨੂੰ ਬੇਹੱਦ ਮਾੜੇ ਗੱਦਿਆਂ ਉੱਤੇਲੇਟਣ ਨੂੰ ਕਿਹਾ ਤਾਂ ਇਸਤੋਂ ਨਾਰਾਜ਼ ਬਾਬਾ ਫਰੀਦਕੋਟ ਮੈਡੀਕਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ.ਰਾਜ ਬਹਾਦਰ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣਾ ਅਸਤੀਫਾ ਭੇਜਦਿੱਤਾ ਸੀ।ਇਸਪਿੱਛੋਂ ਪੰਜਾਬ ਦੀ ਸਿਆਸਤ ਵਿਚ ਖਲਬਲੀ ਮੱਚ ਗਈ ਅਤੇ ਵਿਰੋਧੀ ਆਗੂਆਂ ਨੇ ਸਿਹਤ ਮੰਤਰੀ ਦੇ ਅਸਤੀਫੇ ਦੇ ਮੰਗ ਚੁੱਕ ਦਿੱਤੀ ਸੀ।ਦੂਸਰੇ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਡਾ: ਰਾਜ ਬਹਾਦੁਰ ਨੂੰ ਫੋਨ ਕਰ ਕੇ ਆਪਣੇ ਮੰਤਰੀ ਦੇ ਵਿਹਾਰ ਉੱਤੇ ਅਫਸੋਸ ਜ਼ਾਹਰ ਕੀਤਾ ਅਤੇ ਕੰਮ ਕਰਦੇ ਰਹਿਣ ਨੂੰ ਕਿਹਾ ਸੀ।

# ਕਾਮਨਵੈੱਲਥ ਖੇਡਾਂ: ਵੇਟ ਲਿਫਟਰ ਮੀਰਾਬਾਈ ਚਾਨੂ ਨੇ ਭਾਰਤ ਲਈ ਪਹਿਲਾ ਗੋਲਡ ਮੈਡਲ ਜਿੱਤ ਕੇ ਇਤਿਹਾਸ ਰਚਿਆ

*** ਭਾਰਤ ਨੇ ਤਿੰਨ ਮੈਡਲ ਹੋਰ ਵੀ ਜਿੱਤੇ**




ਬਰਮਿੰਘਮ, 31 ਜੁਲਾਈ, (ਪੋਸਟ ਬਿਊਰੋ)- ਭਾਰਤ ਦੀ ਸੀਨੀਅਰ ਵੇਟਲਿਫਟਰ ਮੀਰਾਬਾਈ ਚਾਨੂ ਨੇ ਬਰਮਿੰਘਮ ਵਿੱਚ ਹੋ ਰਹੀਆਂਕਾਮਨਵੈੱਲਥ ਖੇਡਾਂ ਵਿੱਚ ਅੱਜ ਸ਼ਨੀਵਾਰ ਨੂੰ 49 ਕਿਲੋਗ੍ਰਾਮ ਭਾਰ ਵਰਗ ਦਾ ਸੋਨ ਤਮਗਾ ਜਿੱਤ ਲਿਆ। ਇਹ ਭਾਰਤ ਦਾ ਪਹਿਲਾ ਸੋਨ ਤਮਗਾ ਅਤੇ ਇਸ ਵਾਰ ਦੀਆਂ ਖੇਡਾਂ ਦੇ ਕੁੱਲ ਤਮਗਿਆਂ ਦੀ ਗਿਣਤੀ ਵਿੱਚ ਭਾਰਤ ਦਾ ਤੀਸਰਾ ਅਤੇ ਮੀਰਾਬਾਈ ਦਾ ਵੀ ਕਾਮਨਵੈੱਲਥ ਖੇਡਾਂ ਵਿਚ ਲਗਾਤਾਰ ਤੀਸਰਾ ਤਮਗਾ ਹੈ।

ਇਸ ਤੋਂ ਪਹਿਲਾਂ ਕਾਮਨਵੈੱਲਥ ਖੇਡਾਂ-2018 ਵਿਚ ਭਾਰਤ ਲਈ ਪਹਿਲਾ ਸੋਨ ਤਮਗਾ ਜਿੱਤਣ ਵਾਲੀ 27 ਸਾਲਾ ਮੀਰਾਬਾਈ ਨੇ ਅੱਜ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਿਆ। ਉਸ ਨੇ ਫਾਈਨਲ ਵਿਚ ਸਨੈਚ ਦੀ ਦੂਸਰੀ ਕੋਸ਼ਿਸ਼ ਵਿਚ 88 ਕਿਲੋਗ੍ਰਾਮ ਨਾਲ ਨਵਾਂ ਨੈਸ਼ਨਲਅਤੇ ਕਾਮਨਵੈੱਲਥ ਰਿਕਾਰਡ ਬਣਾਇਆ। ਫਿਰ ਕਲੀਨ ਐਂਡ ਜਰਕ ਦੀ ਇੱਕਪਾਸੜ ਜਿੱਤਦੇ ਹੋਏ ਪਹਿਲੀ ਕੋਸ਼ਿਸ਼ ਵਿਚ 109 ਕਿਲੋਗ੍ਰਾਮ ਭਾਰ ਚੁੱਕ ਕੇ ਭਾਰਤ ਦਾ ਪਹਿਲਾ ਸੋਨ ਤਮਗਾ ਪੱਕਾ ਕੀਤਾ ਅਤੇ ਆਪਣੇ ਹੀ ਪ੍ਰਦਰਸ਼ਨ ਵਿੱਚ ਸੁਧਾਰ ਕਰਦੇ ਹੋਏ ਟੋਕੀਓ ਉਲੰਕਪਿਕ 2020 ਦੀ ਇਸ ਚਾਂਦੀ ਤਮਗਾ ਜੇਤੂ ਨੇ ਦੂਸਰੀ ਕੋਸ਼ਿਸ਼ ਵਿਚ 113 ਕਿਲੋ ਭਾਰ ਚੁੱਕ ਲਿਆ। ਉਸ ਦੀ ਤੀਜੀ ਕੋਸ਼ਿਸ਼ ਅਸਫਲ ਰਹੀ, ਪਰ ਉਸ ਨਾਲ ਫਰਕ ਨਹੀਂ ਸੀ ਪਿਆ, ਕਿਉਂਕਿ 201 ਕਿਲੋ ਦੇ ਸੁਨਹਿਰੀ ਪ੍ਰਦਰਸ਼ਨ ਨਾਲ ਉਹ ਪੋਡੀਅਮ ਉੱਤੇ ਪਹਿਲੇ ਸਥਾਨਉੱਤੇ ਰਹੀ।

ਕਾਮਨਵੈੱਲਥਖੇਡਾਂ ਦੇ ਦੂਸਰੇ ਦਿਨ ਅੱਜ ਭਾਰਤ ਦਾ ਮੈਡਲ ਖਾਤਾ ਸੰਕੇਤ ਸਰਗਰ ਨੇ ਵੇਟਲਿਫਟਿੰਗ ਵਿੱਚ 55 ਕਿਲੋਗ੍ਰਾਮ ਭਾਰ ਵਰਗ ਵਿੱਚ ਚਾਂਦੀ ਦਾ ਤਗ਼ਮਾ ਜਿੱਤ ਕੇ ਖੋਲ੍ਹ ਦਿੱਤਾ ਸੀ। ਸੰਕੇਤ ਨੇ 248 ਕਿਲੋਗ੍ਰਾਮ (113 ਸਨੈਚ ਅਤੇ 135 ਕਲੀਨ ਐਂਡ ਜਰਕ) ਚੁੱਕ ਕੇ ਚਾਂਦੀ ਦਾ ਤਗਮਾ ਜਿੱਤਿਆ, ਪਰ 1 ਕਿਲੋ ਫਰਕ ਨਾਲ ਸੋਨਾ ਜਿੱਤਣ ਤੋਂ ਖੁੰਝ ਗਿਆ ਅਤੇ ਕਲੀਨ ਐਂਡ ਜਰਕ ਦੀ ਦੂਸਰੀ ਕੋਸ਼ਿਸ਼ ਵਿੱਚ ਜ਼ਖਮੀ ਹੋ ਗਿਆ।

ਇਸ ਦੌਰਾਨ ਭਾਰਤ ਦੇ ਗੁਰੂਰਾਜ ਪੁਜਾਰੀ ਨੇ ਲਗਾਤਾਰ ਦੂਸਰੀਆਂ ਕਾਮਨਵੈੱਲਥਖੇਡਾਂ ਦਾ ਤਮਗਾ ਜਿੱਤਿਆ ਹੈ। ਉਸ ਨੇ ਅੱਜ ਸ਼ਨੀਵਾਰ ਨੂੰ ਪੁਰਸ਼ਾਂ ਦੇ 61 ਕਿਲੋਗ੍ਰਾਮ ਭਾਰ ਵਰਗ ਵਿਚ 269 ਕਿਲੋਗ੍ਰਾਮ ਭਾਰ ਚੁੱਕ ਕੇ ਕਾਂਸੀ ਤਗਮਾ ਜਿੱਤਿਆ।ਪੁਜਾਰੀ ਨੇ ਸਨੈਚ ਵਿਚ 118 ਕਿਲੋਗ੍ਰਾਮ ਅਤੇ ਕਲੀਨ ਐਂਡ ਜਰਕ ਵਿਚ 151 ਕਿਲੋਗ੍ਰਾਮਚੁੱਕਿਆ।ਪਹਿਲਾਂ ਸਾਲ 2018 ਵਿਚ ਗੋਲਡ ਕੋਸਟ ਵਿਚ ਵੀ ਉਸ ਨੇ ਚਾਂਦੀ ਦਾ ਤਗਮਾ ਜਿੱਤਿਆ ਸੀ। ਸਿਰਫ 156 ਸੈਂਟੀਮੀਟਰ ਕੱਦ ਦੇ ਇਸ ਖਿਡਾਰੀ ਨੇ ਆਪਣੇ ਪ੍ਰਦਰਸ਼ਨ ਨਾਲ ਸਭ ਨੂੰ ਹੈਰਾਨ ਕੀਤਾ ਹੈ। ਭਾਰਤੀ ਹਵਾਈ ਸੈਨਾਦੇ ਜਵਾਨਗੁਰੂਰਾਜ ਪੁਜਾਰੀ ਨੇ ਪਹਿਲਵਾਨ ਸੁਸ਼ੀਲ ਕੁਮਾਰ ਨੂੰ ਦੇਖ ਕੇ ਕੁਸ਼ਤੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਸੀ। ਸੁਸ਼ੀਲ ਕੁਮਾਰ ਨੇ 2008 ਓਲੰਪਿਕ ਵਿੱਚ ਤਮਗਾ ਜਿੱਤਿਆਤਾਂ ਪੁਜਾਰੀ ਵੀ ਅਖਾੜੇ ਵਿਚ ਜਾਣ ਲੱਗ ਪਿਆ, ਪਰ ਸਕੂਲ ਟੀਚਰ ਨੇ ਵੇਟਲਿਫਟਿੰਗ ਦੀ ਸਲਾਹਦਿੱਤੀ। ਇਸ ਪਿੱਛੋਂਗੁਰੂਰਾਜ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਨ੍ਹਾਂ ਦੇ ਪਿਤਾ ਟਰੱਕ ਡਰਾਈਵਰ ਹਨ।

ਅੱਜ ਸ਼ਾਮ ਵੇਲੇ ਭਾਰਤ ਦੀ ਵੇਟ ਲਿਫਟਰ ਬਿੰਦਿਆਰਾਨੀ ਦੇਵੀ ਨੇ ਵੀ 55 ਕਿੱਲੋਗ੍ਰਾਮ ਭਾਰ ਵਰਗ ਵਿੱਚ ਚਾਂਦੀ ਦਾ ਤਮਗਾ ਜਿੱਤ ਲਿਆ। ਉਸ ਨੇ ਸਨੈਚ ਵਿੱਚ 86 ਦਾ ਸਕੋਰ ਲਿਆ, ਕਲੀਨ ਐਂਡ ਜਰਕ ਵਿੱਚ 116 ਦਾ ਸਕੋਰ ਬਣਾ ਕੇ ਕੁੱਲ ਹਿਸਾਬ ਨਾਲ 202 ਕਿਲੋਗ੍ਰਾਮ ਦਾ ਸਕੋਰ ਬਣਾ ਕੇ ਚਾਂਦੀ ਦਾ ਤਮਗਾ ਜਿੱਤ ਲਿਆ।

# ਅਕਾਲੀ ਦਲ ਦਾ ਜਥੇਬੰਦਕ ਢਾਂਚਾ ਭੰਗ ਕਰ ਕੇ ਸੁਖਬੀਰ ਬਾਦਲ ਹੋਰ ਫਸਿਆ

*** ਵਰਕਿੰਗ ਕਮੇਟੀ ਭੰਗ ਕਰਨਾ ਪਾਰਟੀ ਵਿਧਾਨ ਦੇ ਖਿਲਾਫ : ਚੰਦੂਮਾਜਰਾ**

ਚੰਡੀਗੜ੍ਹ, 30 ਜੁਲਾਈ (ਪੋਸਟ ਬਿਊਰੋ)- ਅਕਾਲੀ ਦਲ ਦਾ ਜਥੇਬੰਦਕ ਢਾਂਚਾ ਭੰਗ ਕਰ ਕੇ ਪਾਰਟੀ ਵਿਚ ਨਵੀਂ ਰੂਹ ਫੂਕਣ ਲਈ ਸੁਖਬੀਰ ਸਿੰਘ ਬਾਦਲ ਦੇ ਫੈਸਲੇ ਉੱਤੇ ਸਵਾਲ ਉੱਠਣ ਲੱਗੇ ਹਨ।

ਸੀਨੀਅਰ ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਪਾਰਟੀ ਦੇ ਵਿਧਾਨ ਮੁਤਾਬਕ ਸੁਖਬੀਰ ਸਿੰਘ ਬਾਦਲ ਨੂੰਅਕਾਲੀ ਦਲ ਦੀ ਵਰਕਿੰਗ ਕਮੇਟੀ ਭੰਗ ਕਰਨ ਦਾ ਅਧਿਕਾਰ ਹੀ ਨਹੀਂ। ਸਾਬਕਾ ਮੰਤਰੀ ਪ੍ਰੇਮ ਸਿੰਘ ਚੰਦੂਮਾਜਰਾ ਨੇ ਗੱਲਬਾਤ ਦੌਰਾਨ ਕਿਹਾ ਕਿ ਪਾਰਟੀ ਦੀ ਵਰਕਿੰਗ ਕਮੇਟੀ ਹੀ ਅਜਿਹੀ ਬਾਡੀ ਹੈ, ਜਿਹੜੀ ਜਨਰਲ ਇਜਲਾਸ ਵੱਲੋਂ ਬਣਾਈ ਜਾਂਦੀ ਹੈ, ਇਸ ਲਈ ਜੇ ਵਰਕਿੰਗ ਕਮੇਟੀ ਭੰਗ ਹੋ ਗਈ ਤਾਂ ਅਕਾਲੀ ਦਲ ਹੀ ਭੰਗ ਹੋ ਗਿਆ ਸਮਝ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਿਧਾਨ ਮੁਤਾਬਕ ਪ੍ਰਧਾਨ ਨੂੰ ਮੀਟਿੰਗ ਬੁਲਾ ਕੇ ਏਡੇ ਅਹਿਮ ਫੈਸਲੇ ਲੈਣੇ ਚਾਹੀਦੇ ਸਨ। ਚੰਦੂਮਾਜਰਾ ਨੇ ਕਿਹਾ ਕਿ ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਵੀ ਪ੍ਰਧਾਨ ਹੁੰਦਿਆਂ ਇਸ ਤਰ੍ਹਾਂ ਵਰਕਿੰਗ ਕਮੇਟੀ ਅਤੇ ਵਿਭਾਗ ਭੰਗ ਕਰਨ ਦਾ ਐਲਾਨ ਕਰ ਦਿੱਤਾ ਸੀ, ਪਰ ਪਾਰਟੀ ਵਿੱਚੋਂ ਉੱਠੇ ਰੋਹ ਤੋਂ ਬਾਅਦ ਉਨ੍ਹਾਂ ਨੂੰ ਫੈਸਲਾ ਵਾਪਸ ਲੈਣਾ ਪਿਆ ਸੀ। ਚੰਦੂਮਾਜਰਾ ਨੇ ਕਿਹਾ ਕਿ ਵਰਕਿੰਗ ਕਮੇਟੀ ਭੰਗ ਕਰਨ ਦਾ ਫੈਸਲਾ ਵਾਪਸ ਕਰਾਉਣ ਤੇ ਪਾਰਟੀ ਦੇ ਹੋਰਨਾਂ ਅਹਿਮ ਮਾਮਲਿਆਂ ਉੱਤੇ ਚਰਚਾ ਕਰਨ ਲਈ ਸੀਨੀਅਰ ਆਗੂਆਂ ਦਾ ਇੱਕ ਵਫਦ ਸੁਖਬੀਰ ਸਿੰਘ ਬਾਦਲ ਨੂੰ ਮਿਲੇਗਾ।

ਅਕਾਲੀ ਦਲ ਦਾ ਜਥੇਬੰਦਕ ਢਾਂਚਾ ਭੰਗ ਕਰਨ ਪਿੱਛੋਂ ਜਿਵੇਂ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਦੀ ਖੁੱਲ੍ਹੇਆਮ ਨੁਕਤਾਚੀਨੀ ਕੀਤੀ ਹੈ, ਉਸ ਤੋਂ ਸਾਫਹੈ ਕਿ ਪੰਜਾਬ ਦੀ ਸੱਤਾ ਉੱਤੇ ਲੰਮਾ ਸਮਾਂ ਦਬਦਬਾ ਰੱਖਣ ਤੋਂ ਬਾਅਦ ਡੂੰਘੇ ਸਿਆਸੀ ਸੰਕਟ ਵਿੱਚ ਫਸੇ ਹੋਏ ਅਕਾਲੀ ਦਲ ਦੀਆਂ ਚੁਣੌਤੀਆਂ ਘਟਣ ਦੀ ਥਾਂ ਵਧ ਸਕਦੀਆਂ ਹਨ। ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਬੇਹੱਦ ਮਾੜੀ ਕਾਰਗੁਜ਼ਾਰੀ ਕਾਰਨ ਪਾਰਟੀ ਪ੍ਰਧਾਨ ਲਗਾਤਾਰ ਘਿਰਦੇ ਦਿਖਾਈ ਦੇਂਦੇ ਹਨ। ਕੋਰ ਕਮੇਟੀ ਮੀਟਿੰਗਾਂ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਅਹੁਦਾ ਛੱਡਣ ਦੀ ਪੇਸ਼ਕਸ਼ ਕੀਤੀ ਸੀ, ਪਰ ਉਸ ਦਾ ਬਦਲ ਕੀ ਹੋਵੇ, ਇਸ ਬਾਰੇ ਪਾਰਟੀ ਕੋਈ ਫੈਸਲਾ ਨਹੀਂ ਲੈ ਸਕੀ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਅਸਤੀਫਾ ਦੇਣ ਦੀ ਥਾਂ ਅਕਾਲੀ ਦਲ ਦਾ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਹੈ। ਉਨ੍ਹਾਂ ਅਕਾਲੀ ਵਰਕਰਾਂ ਨੂੰ ਬਾਦਲ ਪਰਵਾਰ ਦੀ ਬਜਾਏ ਪੰਥ ਅਤੇ ਅਕਾਲੀ ਦਲ ਨੂੰ ਬਚਾਉਣੇ ਦਾ ਸੱਦਾ ਦਿੱਤਾ ਹੈ।

Fresh Bite & Meats
FRESH, CLEAN & SAFE QUALITY MEATS
SERVING BRAMPTON SINCE 8 YEARS


SERVING AT 3 LOCATIONS
25 KINGS CROSS RD, #1, BRAMPTON, ON | (905) 790-3486
25 CHERRY CREST DR, BRAMPTON, ON | 905-913-1114
65 BRAYDON BLVD, #7A, BRAMPTON, ON | 905-913-1221
SUNDAY - THURSDAY: 10AM - 10PM | FRIDAY - SATURDAY: 10AM - 11PM
WE DO CATERERING (MINIMUM 30 PEOPLE)
Visit: www.freshbiteandmeat.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜ਼ਿਆਦਾ ਕਰਜ਼ਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜ਼ਾ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਵੱਧ ਰਿਹਾ ਹੈ ਨਜਾਇਜ਼ ਖਣਨ ਦਾ ਕਾਰੋਬਾਰ

-ਗੁਰਮੀਤ ਸਿੰਘ ਪਲਾਹੀ ਦੀ ਕਲਮ ਤੋਂ

ਦੇਸ਼ ਦੇ ਜ਼ਿਆਦਤਰ ਸੂਬਿਆਂ 'ਚ ਨਜਾਇਜ਼ ਖਣਨ ਦਾ ਧੰਦਾ ਜ਼ੋਰਾਂ ਉਤੇ ਹੈ ਅਤੇ ਸੂਬਾ ਸਰਕਾਰਾਂ ਦਾ ਖਣਨ ਮਾਫੀਆ ਉਤੇ ਕੋਈ ਕੰਟਰੋਲ ਨਹੀਂ ਹੈ। ਇਵੇਂ ਜਾਪਦਾ ਹੈ ਜਿਵੇਂ ਮਾਫੀਏ ਦਾ ਆਪਣੀ ਸਮਰਾਜ ਹੋਵੇ ਅਤੇ ਸੂਬਾ ਸਰਕਾਰਾਂ ਦਾ ਉਸ ਵਿੱਚ ਕੋਈ ਦਖ਼ਲ ਹੀ ਨਾ ਹੋਵੇ। ਕੀ ਇਹ ਕਾਨੂੰਨ ਦੇ ਸ਼ਾਸ਼ਨ ਨੂੰ ਚਣੌਤੀ ਨਹੀਂ ਹੈ?

ਯਾਦ ਕਰੋ ਕਿ ਦਸ ਸਾਲ ਪਹਿਲਾਂ ਮੱਧ ਪ੍ਰਦੇਸ਼ ਦੇ ਮੁਰੈਨਾ ਵਿਖੇ ਇੱਕ ਆਈ.ਪੀ. ਐਸ. ਅਧਿਕਾਰੀ ਦੀ ਟ੍ਰੈਕਟਰ ਨਾਲ ਕੁਚਲ ਕੇ ਹੱਤਿਆ ਕਰ ਦਿੱਤੀ ਗਈ। ਹਰਿਆਣਾ ਦੇ ਨੂਹ ਵਿਖੇ ਇੱਕ ਡੀ.ਐਸ. ਪੀ ਨੂੰ ਡੰਪਰ ਨਾਲ ਕੁਚਲਕੇ ਮਾਰ ਦਿੱਤਾ ਗਿਆ। ਇਹ ਸਰਕਾਰੀ ਅਧਿਕਾਰੀ ਨਜਾਇਜ਼ ਖਣਨ ਨੂੰ ਰੋਕਣ ਲਈ ਆਪਣੀ ਡਿਊਟੀ ਨਿਭਾਅ ਰਹੇ ਸਨ। ਨਜਾਇਜ਼ ਖਣਨ ਦਾ ਧੰਦਾ ਦੇਸ਼ 'ਚ ਇਸ ਕਦਰ ਵੱਧ ਚੁੱਕਾ ਹੈ ਕਿ ਸੁਪਰੀਮ ਕੋਰਟ ਵਲੋਂ ਖਣਨ ਵਿਰੁੱਧ ਲਗਾਈਆਂ ਬੰਦਿਸ਼ਾਂ ਦੇ ਬਾਵਜੂਦ ਵੀ ਪਿਛਲੇ ਅੱਠ ਸਾਲ ਦੇ ਸਮੇਂ 'ਚ ਚਾਰ ਸੌ ਮੀਟਰ ਬਿਆਸ ਅਤੇ ਸਾਢੇ ਤਿੰਨ ਸੌ ਮੀਟਰ ਉਚੇ 31 ਪਹਾੜਾਂ ਨੂੰ ਜ਼ਮੀਨਦੋਜ਼ ਕਰ ਦਿੱਤਾ ਹੈ। ਰਾਜਸਥਾਨ ਦੇ ਭਰਤਪੁਰ ਵਿੱਚ ਸਾਧੂ ਸੰਤਾਂ ਦਾ ਇੱਕ ਸਮੂਹ ਪਿਛਲੇ ਡੇਢ ਸਾਲ ਤੋਂ ਅੰਦੋਲਨ ਕਰ ਰਿਹਾ ਹੈ ਪਰ ਕਿਧਰੇ ਵੀ ਕੋਈ ਸੁਣਵਾਈ ਨਹੀਂ ਹੋਈ। ਹੁਣੇ ਜਿਹੇ ਇੱਕ ਸੰਤ ਨੇ ਖਣਨ ਵਿਰੁੱਧ ਆਤਮਦਾਹ ਕਰ ਲਿਆ।

ਖਣਨ ਮਾਫੀਏ ਦਾ ਦੇਸ਼ ਵਿੱਚ ਦਬਦਬਾਅ ਇੰਨਾ ਹੈ ਕਿ ਕੋਈ ਵੀ ਸਰਕਾਰ ਕੋਈ ਜੁਰੱਅਤ ਵਾਲਾ ਫ਼ੈਸਲਾ ਕਰਨ ਲਈ ਤਿਆਰ ਨਹੀਂ ਉਲਟਾ ਸੁਪਰੀਮ ਕੋਰਟ ਵਲੋਂ ਜਾਰੀ ਹੁਕਮਾਂ ਨੂੰ ਲਾਗੂ ਕਰਨ 'ਚ ਬੇਵਸੀ ਵਿਖਾਉਂਦੀ ਹੈ। ਇਹੋ ਕਾਰਨ ਹੈ ਕਿ ਕੋਈ ਵੀ ਸਾਲ ਜਾਂ ਸਮਾਂ ਇਹੋ ਜਿਹਾ ਨਹੀਂ ਬੀਤਦਾ ਜਦੋਂ ਮਾਫੀਆ ਆਪਣਾ ਰੰਗ ਨਹੀਂ ਵਿਖਾਉਂਦਾ। ਉਸਦੀ ਤਾਕਤ ਕਾਰਨ ਪੁਲਿਸ ਪ੍ਰਸਾਸ਼ਨ ਉਤੇ ਹਮਲੇ ਵਧ ਰਹੇ ਹਨ। ਕਿਉਂਕਿ ਮਾਫੀਆ ਕੁਝ ਸਿਆਸਤਦਾਨਾਂ, ਕੁਝ ਅਫ਼ਸਰਾਂ ਦੀ ਤਿਕੜੀ ਗਠਜੋੜ ਕਾਰਨ ਵੱਡੀ ਤਾਕਤ ਫੜ ਚੁੱਕਾ ਹੈ। ਕਰੋੜਾਂ ਨਹੀਂ ਅਰਬਾਂ-ਖਰਬਾਂ ਦਾ ਉਹਨਾ ਦਾ ਕਾਰੋਬਾਰ ਹੈ। ਨਸ਼ੇ ਦੇ ਅੰਤਰਰਾਸ਼ਟਰੀ ਗ੍ਰੋਹਾਂ ਵਾਂਗਰ ਪੂਰੇ ਦੇਸ਼ 'ਚ ਉਹਨਾ ਦਾ ਜਾਲ ਵਿਛਿਆ ਹੋਇਆ ਹੈ, ਜੋ ਸਿਆਸਤ ਨੂੰ ਵੀ ਪ੍ਰਭਾਵਤ ਕਰਦਾ ਹੈ ਅਤੇ ਪ੍ਰਸਾਸ਼ਨ ਨੂੰ ਵੀ ਬੁਰੀ ਤਰ੍ਹਾਂ ਝੰਜੋੜਦਾ ਹੈ।

ਐਨ.ਜੀ.ਟੀ(ਨੈਸ਼ਨਲ ਗਰੀਨ ਟ੍ਰਿਬਿਊਨਲ) ਨੇ ਇੱਕ ਰਿਪੋਰਟ ਛਾਪੀ ਹੈ, ਜਿਸ ਅਨੁਸਾਰ ਗੁਰੂ ਗ੍ਰਾਮ, ਫਰੀਦਾਬਾਦ ਅਤੇ ਮੈਵਾੜ ਖੇਤਰ ਵਿੱਚ ਹੋਏ ਵੱਡੇ ਖਣਨ ਕਾਰਨ ਹਰਿਆਣਾ, ਦਿੱਲੀ ਅਤੇ ਉਤਰ ਪ੍ਰਦੇਸ਼ ਦੀ ਉਪਜਾਊ ਜ਼ਮੀਨ ਨੂੰ ਰੇਗਿਸਤਾਨ ਬਨਣ 'ਚ ਹੁਣ ਬਹੁਤ ਦੇਰ ਨਹੀਂ ਲੱਗੇਗੀ ।

ਵੱਡੇ ਨਜਾਇਜ਼ ਖਣਨ ਦੀਆਂ ਕੁਝ ਉਦਾਹਰਨਾਂ ਹੇਠ ਲਿਖਤ ਹਨ:-

1. ਗੁਰੂ ਗ੍ਰਾਮ ਨੂੰ ਆਧੁਨਿਕ ਸ਼ਹਿਰ ਬਨਾਉਣ ਲਈ ਦਸ ਹਜ਼ਾਰ ਏਕੜ ਕੁਦਰਤੀ ਸੁਰੱਖਿਆ ਖੇਤਰ ਨੂੰ ਬਿਲਕੁਲ ਤਬਾਹ ਕਰ ਦਿੱਤਾ ਗਿਆ। ਇਥੋਂ ਕੱਢੇ ਗਏ ਪੱਥਰ ਦੀ ਖਪਤ ਹਰਿਆਣਾ,ਰਾਜਸਥਾਨ ਅਤੇ ਦਿੱਲੀ ਦੇ ਭਵਨ ਅਤੇ ਸੜਕ ਨਿਰਮਾਣ ਵਿੱਚ ਹੁੰਦੀ ਹੈ।
2. ਨਜਾਇਜ਼ ਖਣਨ ਅਰਾਵਲੀ ਦੀਆਂ ਪਹਾੜੀਆਂ ਤੇ ਚੱਲ ਰਿਹਾ ਹੈ। ਇਹ ਖੇਤਰ ਹਰਿਆਣਾ ਰਾਜ ਦੇ ਨਾਲ-ਨਾਲ ਰਾਸ਼ਟਰੀ ਰਾਜਧਾਨੀ ਦਿੱਲੀ ਨੂੰ ਵੀ ਪ੍ਰਭਾਵਤ ਕਰਦਾ ਹੈ।
3. ਐਨ.ਜੀ.ਟੀ. ਅਨੁਸਾਰ ਗੁਰੂ ਗ੍ਰਾਮ , ਫ਼ਰੀਦਾਬਾਦ, ਮੈਵਾੜ ਖੇਤਰ ਵਿੱਚ ਵੱਡਾ ਨਜਾਇਜ਼/ ਜਾਇਜ਼ ਖਣਨ ਕੀਤਾ ਗਿਆ ਹੈ।
4. ਮੱਧ ਪ੍ਰਦੇਸ਼ ਦੀਆ ਸਤਪੁੜਾ ਅਤੇ ਬਿੰਦਿਆਚਲ ਪਰਬਤ ਸ਼੍ਰੇਣੀਆਂ ਅਤੇ ਕਈ ਨਦੀਆਂ ਦਾ ਵਜੂਦ ਸੰਕਟ ਵਿੱਚ ਹੈ।
5. ਗੁਜਰਾਤ ਦੀ ਸਾਬਰਮਤੀ ਨਦੀ ਵਿਚੋਂ ਇੰਨਾ ਨਜਾਇਜ਼ ਖਣਨ ਹੋਇਆ ਕਿ ਇਸਦੀ ਨਿਗਰਾਨੀ ਡਰੋਨ ਦੀ ਸਹਾਇਤਾ ਨਾਲ ਕੀਤੀ ਗਈ।
6. ਦੇਸ਼ ਵਿੱਚ ਹਰ ਸਾਲ 5000 ਕਰੋੜ ਟਨ ਰੇਤ ਕੱਢੀ ਜਾ ਰਹੀ ਹੈ ਅਤੇ ਭਾਰਤ ਸਮੇਤ 70 ਦੇਸ਼ਾਂ 'ਚ ਨਜਾਇਜ਼ ਖਣਨ ਹੁੰਦਾ ਹੈ।

ਪੰਜਾਬ ਵੀ ਨਜਾਇਜ਼ ਖਣਨ ਦੇ ਮਾਮਲੇ 'ਤੇ ਅਛੂਤਾ ਨਹੀਂ ਹੈ। ਪਿਛਲੇ ਦਹਾਕੇ ਦੀਆਂ ਚੋਣਾਂ 'ਚ ਰੇਤਾ ਮਾਫੀਆ ਵੱਡੀ ਚਰਚਾ ਦਾ ਵਿਸ਼ਾ ਰਿਹਾ ਹੈ। ਸਿਆਸੀ ਪਾਰਟੀਆਂ ਵਲੋਂ ਇਕ-ਦੂਜੇ ਉਤੇ ਦੂਸ਼ਨਬਾਜੀ ਕੀਤੀ ਗਈ ਹੈ। ਪੰਜਾਬ ਵਿੱਚ ਦਰਿਆਵਾਂ ਦੇ ਕਿਨਾਰਿਆਂ ਤੇ 200 ਤੋਂ 500 ਮੀਟਰ ਤੱਕ 3 ਮੀਟਰ ਡੂੰਘਾ ਰੇਤਾ ਪੁੱਟਿਆ ਜਾ ਰਿਹਾ ਹੈ ਅਤੇ ਸਰਕਾਰ ਵਲੋਂ ਰੇਤਾ ਖਾਣਾਂ ਨੀਅਤ ਹਨ ਪਰ ਤਾਕਤਵਰ ਰੇਤਾ ਮਾਫੀਆ ਲਗਾਤਾਰ ਇਸਦੀ ਉਲੰਘਣਾ ਕਰ ਰਿਹਾ ਹੈ । ਨਦੀਆਂ ਵਿੱਚ ਖਣਨ ਦਾ ਇਤਿਹਾਸ ਰਿਹਾ ਹੈ ਕਿ ਜਿੰਨੇ ਖਣਨ ਦੀ ਮਨਜ਼ੂਰੀ ਲਈ ਜਾਂਦੀ ਹੈ, ਉਸ ਤੋਂ ਵੱਧ ਖਣਨ ਮਿਲੀ ਭੁਗਤ ਨਾਲ ਹੁੰਦਾ ਹੈ। ਇਸ ਖਣਨ ਨਾਲ ਨਦੀਆਂ ਕਿਨਾਰੇ ਕਟਾਅ ਹੁੰਦਾ ਹੈ, ਧਰਤੀ ਅੰਦਰ ਧੱਸਦੀ ਹੈ। ਤੇ ਵਾਤਾਵਰਨ ਲਈ ਨਵਾਂ ਚੈਲੰਜ ਖੜ੍ਹਾ ਕਰਦਾ ਹੈ।

ਇੱਕ ਅੰਦਾਜ਼ੇ ਅਨੁਸਾਰ ਇਕੱਲੇ ਪੰਜਾਬ ਵਿੱਚ ਰੇਤ ਮਾਫੀਆ 20,000 ਕਰੋੜ ਸਲਾਨਾ ਦਾ ਨਜਾਇਜ਼ ਖਣਨ ਕਾਰੋਬਾਰ ਕਰਦਾ ਹੈ। ਉਂਜ ਕੁਲ ਮਿਲਾਕੇ 400 ਲੱਖ ਮੀਟਰਿਕ ਟਨ ਰੇਤਾ ਅਤੇ ਗਟਕਾ ਆਦਿ ਤਿੰਨ ਸਾਲਾਂ ਦੇ ਸਮੇਂ 'ਚ ਖਣਨ ਕਰਨ ਦੀ ਪੰਜਾਬ ਸਰਕਾਰ ਵਲੋਂ ਆਗਿਆ ਹੈ ਅਤੇ ਸਰਕਾਰ ਸਰਕਾਰੀ ਮਾਨਤਾ ਪ੍ਰਾਪਤ ਠੇਕੇਦਾਰਾਂ ਤੋਂ ਉਗਰਾਹੀ ਵੀ ਕਰਦੀ ਹੈ ਅਤੇ ਕੁਝ ਪੰਚਾਇਤਾਂ ਵੀ ਟੈਕਸ ਉਗਰਾਹੁਦੀਆਂ ਹਨ, ਪਰ ਨਜਾਇਜ਼ ਖਣਨ ਇਸ ਉਤੇ ਕਿਧਰੇ ਵੱਧ ਹੁੰਦਾ ਹੈ। ਚਾਂਦਪੁਰ ਰੁੜਕੀ, ਸ਼ਹੀਦ ਭਗਤ ਸਿੰਘ ਨਗਰ ਇਕ ਇਹੋ ਜਿਹਾ ਪਿੰਡ ਹੈ, ਜਿਥੇ ਨਜਾਇਜ਼ ਤੌਰ 'ਤੇ ਰੇਤ, ਬਜ਼ਰੀ, ਗਟਕਾ ਆਦਿ ਦਾ ਖਣਨ ਹੁੰਦਾ ਹੈ। ਪੰਜਾਬ 'ਚ ਖਣਨ ਮਾਫੀਆ ਗੁੰਡਾ ਟੈਕਸ ਵੀ ਉਗਰਾਹੁੰਦਾ ਹੈ।ਇਸੇ ਕਰਕੇ ਰੇਤ ਦੇ ਭਾਅ ਸੱਤ ਅਸਮਾਨੀਂ ਚੜ੍ਹੇ ਹੋਏ ਹਨ।

ਕਰਨਾਟਕ, ਗੋਆ, ਹਰਿਆਣਾ, ਰਾਜਸਥਾਨ ਅਤੇ ਉੜੀਸਾ ਵਿੱਚ 1990 ਤੋਂ ਕੋਲਾ, ਲੋਹਾ, ਬਾਕਸਾਈਟ ਮੈਗਨੀਜ ਖਾਨਣ ਦਾ ਕਾਰੋਬਾਰ ਪ੍ਰਾਈਵੇਟ ਕੰਪਨੀਆਂ ਨੂੰ ਦਿੱਤਾ ਹੈ। ਉਦੋਂ ਤੋਂ ਹੀ ਨਜਾਇਜ਼ ਖਣਨ ਦੇ ਕਾਰੋਬਾਰ ਨੇ ਜ਼ੋਰ ਫੜਿਆ ਹੈ। ਭਾਰਤ ਵਿੱਚ ਇਹ ਸਕੈਮ 2 ਘੁਟਾਲੇ ਅਤੇ ਕਾਮਨਵੈਲਥ ਗੇਮਾਂ 'ਚ ਹੋਏ ਘੁਟਾਲੇ ਤੋਂ ਕਿਤੇ ਵੱਡਾ ਹੈ। ਪਰ ਇਸ ਦਾ ਅੰਦਾਜ਼ਾ ਲਗਾਉਣਾ ਔਖਾ ਹੈ ਕਿ ਸਰਕਾਰਾਂ ਨੂੰ ਕਿੰਨੇ ਅਰਬਾਂ,ਖਰਬਾਂ ਦਾ ਚੂਨਾ ਇਹ ਮਾਫੀਆ ਲੋਕ ਲਗਾ ਰਹੇ ਹਨ। ਮਹਾਂਰਾਸ਼ਟਰ, ਇੱਕ ਇਹੋ ਜਿਹਾ ਸੂਬਾ ਹੈ ਜਿੱਥੇ ਸਭ ਤੋਂ ਵੱਧ ਖਣਨ ਦੇ ਕੇਸ ਹਨ ਜਦਕਿ ਉੜੀਸਾ ਆਂਧਰਾ ਪ੍ਰਦੇਸ਼ ਨੇ ਖਣਨ ਦੇ ਮਾਮਲੇ 'ਚ ਮਾਫੀਆ ਨੂੰ ਨੱਥ ਪਾਈ ਹੈ ਅਤੇ ਇੱਥੇ ਸਾਲ ਦਰ ਸਾਲ ਨਜਾਇਜ਼ ਖਣਨ ਦੇ ਮਾਮਲੇ ਘਟੇ ਹਨ। ਉਂਜ ਕੋਲਾ ਸਕੈਮ ਦੇਸ਼ ਭਰ ਵਿੱਚ ਵੱਡਾ ਚਰਚਾ ਦਾ ਵਿਸ਼ਾ ਬਣਿਆ ਜਦੋਂ ਸਰਕਾਰੀ ਖਜ਼ਾਨੇ ਨੂੰ 1.86 ਟ੍ਰਿਲੀਅਨ ਰੁਪਿਆ ਦਾ ਚੂਨਾ ਲੱਗਿਆ। ਪਿਛਲੇ ਸਾਲ 226 ਕਰੋੜ ਦਾ ਧੰਦਾ ਖ਼ਾਸ ਤੌਰ 'ਤੇ ਖਣਿਜ ਪਦਾਰਥਾਂ ਦੇ ਖਣਨ ਕਾਰਨ ਹੋਇਆ। ਇਸ ਸਬੰਧੀ 766 ਕੇਸ ਦਰਜ ਹੋਏ 514 ਕੇਸਾਂ 'ਤੇ ਕਾਰਵਾਈ ਕੀਤੀ ਜਾ ਰਹੀ ਹੈ। ਸਾਲ 2010-11 ਵਿੱਚ ਗੈਰ ਕਾਨੂੰਨੀ ਖਣਿਜ ਖਣਨ ਦੇ 14204 ਕੇਸ ਦਰਜ਼ ਹੋਏ ਸਨ ਅਤੇ 43 ਲੱਖ ਟਨ ਦੀ ਮੁੱਖ ਖਣਿਜਾਂ ਦੀ ਗੈਰ ਕਾਨੂੰਨੀ ਮਾਇਨਿੰਗ ਕੀਤੀ ਗਈ।

ਖਣਨ ਨਾਲ ਪ੍ਰਦੂਸ਼ਨ ਵਧ ਰਿਹਾ ਹੈ ਅਤੇ ਸਾਡੀ ਸਿਹਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ, ਇਹੀ ਨਹੀਂ ਇਸ ਨਾਲ ਸਮਾਜਿਕ ਨਾ-ਬਰਾਬਰੀ 'ਚ ਵਾਧਾ ਹੋ ਰਿਹਾ ਹੈ। ਪਿਛਲੇ ਦਿਨਾਂ 'ਚ ਜਿਵੇਂ ਇਸਦੀ ਮੰਗ ਅਤੇ ਕੀਮਤ 'ਚ ਵਾਧਾ ਹੋਇਆ ਹੈ, ਉਸ ਕਾਰਨ ਨਦੀਆਂ ਅਤੇ ਸਮੁੰਦਰੀ ਤੱਟਾਂ ਦੀ ਸਥਿਤੀ ਉੱਤੇ ਬੁਰਾ ਪ੍ਰਭਾਵ ਪਿਆ ਹੈ। ਗੈਰ ਜ਼ਿੰਮੇਵਾਰਾਨਾ ਤਰੀਕੇ ਨਾਲ ਕੀਤੇ ਜਾ ਰਹੇ ਖਣਨ ਦੇ ਚਲਦਿਆਂ ਨਦੀਆਂ ਅਤੇ ਸਮੁੰਦਰ ਕੰਢੇ ਵਸੇ ਲੋਕਾਂ, ਉਹਨਾ ਦੇ ਘਰਾਂ ਅਤੇ ਬੁਨਿਆਦੀ ਢਾਂਚੇ ਅਤੇ ਨਾਲ-ਨਾਲ ਉਹਨਾਂ ਦੀ ਅਰਥ ਵਿਵਸਥਾ ਦਾ ਵੀ ਨੁਕਸਾਨ ਹੋ ਰਿਹਾ ਹੈ। ਅੰਦਾਜ਼ੇ ਮੁਤਾਬਕ 300 ਕਰੋੜ ਲੋਕਾਂ ਦੇ ਜੀਵਨ ਨੂੰ ਇਸਨੇ ਦੁਨੀਆ ਭਰ 'ਚ ਪ੍ਰਭਾਵਿਤ ਕੀਤਾ ਹੈ। ਪਿਛਲੇ ਕੁਝ ਸਾਲਾਂ ਵਿੱਚ ਰੇਤ ਨੂੰ ਲੈ ਕੇ ਹੋਏ ਸੰਘਰਸ਼ਾਂ ਵਿੱਚ ਸੈਂਕੜੇ ਸਥਾਨਕ ਨਾਗਰਿਕ ਪੁਲਿਸ ਅਤੇ ਸਰਕਾਰੀ ਅਧਿਕਾਰੀ ਮਾਰੇ ਜਾ ਚੁੱਕੇ ਹਨ।

ਦੇਸ਼ ਵਿੱਚ ਵਿਕਾਸ ਦਾ ਇਹੋ ਜਿਹਾ ਸੰਤੁਲਿਤ ਅਤੇ ਆਦਰਸ਼ ਮਾਡਲ ਬਨਾਉਣ 'ਚ ਅਸੀਂ ਨਾਕਾਮ ਰਹੇ ਹਨ, ਸਿੱਟੇ ਵਜੋਂ ਖਣਨ ਬੇਇੰਤਹਾ ਹੋ ਰਿਹਾ ਹੈ। ਚਾਹੀਦਾ ਤਾਂ ਇਹ ਸੀ ਕਿ ਵਿਕਾਸ ਦੀ ਗਤੀਸ਼ੀਲਤਾ ਵੀ ਬਣੀ ਰਹਿੰਦੀ ਅਤੇ ਵਾਤਾਵਰਨ ਵੀ ਸੁਰੱਖਿਅਤ ਰੱਖਿਆ ਜਾਂਦਾ। ਆਧੁਨਿਕ ਵਿਕਾਸ ਦਾ ਅਧਾਰ ਕੁਦਰਤੀ ਰੱਖਿਆ ਹੈ, ਇਸ ਲਈ ਕੇਂਦਰ ਅਤੇ ਰਾਜ ਸਰਕਾਰਾਂ ਇਹੋ ਜਿਹੇ ਨੀਤੀਗਤ ਫ਼ੈਸਲੇ ਕਰਦੀਆਂ ਹਨ, ਜਿਹਨਾ ਨਾਲ ਹਰ ਪ੍ਰਕਾਰ ਦੇ ਨਿਰਮਾਣ ਕੰਮਾਂ 'ਚ ਕੋਈ ਅੜਿੱਕਾ ਨਾ ਪਵੇ ਖ਼ਾਸ ਤੌਰ 'ਤੇ ਭਵਨ ਅਤੇ ਸੜਕਾਂ ਦੇ ਨਿਰਮਾਣ ਵਿੱਚ। ਪਰ ਜਦ ਤੱਕ ਨਿਰਮਾਣ ਉਤੇ ਕੁਝ ਬੰਦਿਸ਼ ਲਗਾਉਂਦਿਆਂ, ਹੋਰ ਬਦਲਵੇਂ ਸਾਧਨ ਪੈਦਾ ਨਹੀਂ ਕੀਤੇ ਜਾਂਦੇ, ਉਦੋਂ ਤੱਕ ਜਾਇਜ਼/ ਨਜਾਇਜ਼ ਖਣਨ ਉਤੇ ਬੰਦਿਸ਼ ਲਗਾਉਣਾ ਔਖਾ ਹੈ।

ਅੱਜ ਸੀਮਿੰਟ, ਕੰਕਰੀਟ ਅਤੇ ਲੋਹੇ ਦੀ ਵਰਤੋਂ ਨਾਲ ਆਧੁਨਿਕ ਵਿਕਾਸ ਜੋੜਿਆ ਜਾ ਚੁੱਕਾ ਹੈ। ਇਸੇ ਦੇ ਨਾਲ ਹੀ ਉਦਯੋਗਿਕ ਵਿਕਾਸ ਵਧਦਾ ਫੁਲਦਾ ਹੈ। ਇਸ ਵਿਕਾਸ ਦੀ ਬੁਨਿਆਦ ਜਲ, ਜ਼ਮੀਨ ਅਤੇ ਜੰਗਲ ਤੇ ਟਿੱਕੀ ਹੈ ਜਦਕਿ ਖਣਿਜ, ਤੇਲ ਆਦਿ ਵੀ ਵਿਕਾਸ ਦੇ ਪਹਿਲੂ ਬਣ ਚੁੱਕੇ ਹਨ। ਇਸੇ ਕਰਕੇ ਇਹ ਖਾਣਾਂ ਦੇ ਭੰਡਾਰ ਤੇਜ਼ੀ ਨਾਲ ਘੱਟ ਰਹੇ ਹਨ। ਇਸ ਨਾਲ ਕੁਦਰਤੀ ਸੰਤੁਲਨ ਵਿਗੜਦਾ ਜਾ ਰਿਹਾ ਹੈ। ਸਿੱਟੇ ਵਜੋਂ ਇਸ ਸੰਕਟ ਦੇ ਹੋਰ ਡੂੰਘਾ ਹੋਣ ਨਾਲ ਆਬਾਦੀ ਦੇ ਜੀਊਣ ਦਾ ਅਧਿਕਾਰ ਖਤਰੇ 'ਚ ਪੈਂਦਾ ਜਾ ਰਿਹਾ ਹੈ। ਕਿਉਂਕਿ ਕੁਦਰਤੀ ਖਜ਼ਾਨੇ ਜੇਕਰ ਲੁੱਟ ਲਏ ਜਾਣਗੇ ਤਾਂ ਸੰਵਿਧਾਨ ਦੀ ਧਾਰਾ ਇੱਕੀ ਵਿੱਚ ਦਿੱਤੇ ਜੀਊਣ ਦੇ ਅਧਿਕਾਰ ਦਾ ਆਖ਼ਿਰ ਕੀ ਅਰਥ ਰਹਿ ਜਾਏਗਾ?




# ਸਿਹਤ ਮੰਤਰੀ ਪੰਜਾਬ ਦੇ ਵਿਵਹਾਰ ਬਾਅਦ ਤੋਂ ਡਾ.ਰਾਜ ਬਹਾਦਰ ਦਾ ਅਸਤੀਫ਼ਾ

-ਉਜਾਗਰ ਸਿੰਘ



ਪੰਜਾਬ ਦੇ ਸਿਹਤ ਮੰਤਰੀ ਵੱਲੋਂ ਪ੍ਰਸਿੱਧ ਹੱਡੀਆਂ ਦੇ ਮਾਹਿਰ ਡਾ.ਰਾਜ ਬਹਾਦਰ ਨਾਲ ਬਦਸਲੂਕੀ ਕਰਨ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਡਾ.ਰਾਜ ਬਹਾਦਰ ਤੋਂ ਮੁਆਫ਼ੀ ਮੰਗ ਕੇ ਸਿਆਣਪ ਦਾ ਪ੍ਰਗਟਾਵਾ ਕੀਤਾ ਹੈ। ਮੁਆਫ਼ੀ ਮੰਗਣ ਨਾਲ ਡਾ.ਰਾਜ ਬਹਾਦਰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਪਹੁੰਚੀ ਠੇਸ ਦੀ ਭਰਪਾਈ ਤਾਂ ਨਹੀਂ ਹੋ ਸਕਦੀ। ਪੰਜਾਬ ਦੇ ਲੋਕਾਂ ਨੇ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਤੋਂ ਅੱਕੇ ਹੋਇਆਂ ਨੇ ਪੰਜਾਬ ਦੇ ਸੁਨਹਿਰੇ ਭਵਿਖ ਦੀ ਆਸ ਕਰਦਿਆਂ ਬਦਲਾਵ ਲਿਆਂਦਾ ਸੀ। ਇਸ ਬਦਲਾਵ ਦੇ ਸਾਰਥਿਕ ਨਤੀਜਿਆਂ ਦੀ ਉਡੀਕ ਕਰਦਿਆਂ ਪੰਜਾਬ ਦੇ ਲੋਕਾਂ ਨੇ ਨਵੀਂ ਕਿਸਮ ਦੇ ਬਦਲਾਵ ਦੇ ਦਰਸ਼ਨ ਕਰ ਲਏ, ਜਦੋਂ ਸਰਕਾਰ ਚਲਾ ਰਹੀ ਆਮ ਆਦਮੀ ਪਾਰਟੀ ਦੇ ਕਾਰਕੁਨ ਨਿੱਤ ਨਵੇਂ ਵਾਦ-ਵਿਵਾਦ ਪੈਦਾ ਕਰਕੇ ਲੋਕਾਂ ਦੀਆਂ ਆਸਾਂ 'ਤੇ ਪਾਣੀ ਫੇਰ ਰਹੇ ਹਨ।

ਭਗਵੰਤ ਸਿੰਘ ਮਾਨ ਦੀ ਸਰਕਾਰ ਦੀ ਸੋਚ ਮਾੜੀ ਨਹੀਂ, ਉਹ ਪੰਜਾਬ ਵਿੱਚ ਭਰਿਸ਼ਟਾਚਾਰ ਖ਼ਤਮ ਕਰਕੇ ਪੰਜਾਬ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨਾ ਚਾਹੁੰਦੀ ਹੈ ਪ੍ਰੰਤੂ ਉਨ੍ਹਾਂ ਦੇ ਮੰਤਰੀ ਅਤੇ ਵਿਧਾਨਕਾਰ ਤਜ਼ਰਬੇ ਦੀ ਘਾਟ ਹੋਣ ਕਰਕੇ ਆਪਹੁਦਰੀਆਂ ਕਰ ਰਹੇ ਹਨ, ਜਿਹੜੀਆਂ ਸਰਕਾਰ ਦੇ ਰਾਹ ਵਿੱਚ ਰੋੜੇ ਅਟਕਾਉਂਦੀਆਂ ਹਨ। ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਰਾਜ ਭਾਗ ਸੰਭਾਲਿਆਂ ਅਜੇ ਮਹਿਜ 4 ਮਹੀਨੇ ਦਾ ਸਮਾਂ ਹੋਇਆ ਹੈ ਪ੍ਰੰਤੂ ਹੁਣ ਤੱਕ ਦਰਜਨ ਤੋਂ ਵੱਧ ਮੰਦਭਾਗੇ ਵਾਦ-ਵਿਵਾਦਾਂ ਵਿੱਚ ਪੈ ਚੁੱਕੀ ਹੈ। ਇਨ੍ਹਾਂ ਵਾਦ-ਵਿਵਾਦਾਂ ਦਾ ਕਾਰਨ ਆਮ ਆਦਮੀ ਪਾਰਟੀ ਦੇ ਵਿਧਾਨਕਾਰਾਂ ਅਤੇ ਮੰਤਰੀਆਂ ਨੂੰ ਤਜਰਬੇ ਦੀ ਘਾਟ ਹੋਣਾ ਸਮਝਿਆ ਜਾ ਰਿਹਾ ਹੈ।

ਸਰਕਾਰ ਦੇ ਕਾਰਕੁਨਾ ਨੂੰ ਸਿਆਸੀ ਤਾਕਤ ਹਜ਼ਮ ਕਰਨੀ ਔਖੀ ਹੋ ਰਹੀ ਹੈ। ਹੌਲਾ ਭਾਂਡਾ ਛਲਕਦਾ ਜ਼ਿਆਦਾ ਹੈ। ਇਹੋ ਕੁਝ ਹੋ ਬਿਹਾ ਹੈ। ਬਦਲਾਵ ਦੇ ਨਾਮ 'ਤੇ ਸਿਆਸੀ ਤਾਕਤ ਵਿੱਚ ਆਈ ਸਰਕਾਰ ਹਰ ਦੂਜੇ ਦਿਨ ਨਵਾਂ ਵਾਦ-ਵਿਵਾਦ ਖੜ੍ਹਾ ਕਰਕੇ ਬੈਠ ਜਾਂਦੀ ਹੈ। ਤਾਜ਼ਾ ਵਾਦ-ਵਿਵਾਦ ਅੰਤਰਾਸ਼ਟਰੀ ਪੱਧਰ ਦੇ ਹੱਡੀਆਂ ਦੇ ਮਾਹਿਰ ਬਾਬਾ ਫਰੀਦ ਮੈਡੀਕਲ ਸਾਇੰਸਜ਼ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ.ਰਾਜ ਬਹਾਦਰ ਨਾਲ ਪੰਜਾਬ ਦੇ ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਵੱਲੋਂ ਕੀਤੇ ਸ਼ਰੇਆਮ ਦੁਰਵਿਵਹਾਰ ਕਾਰਨ ਪੈਦਾ ਹੋਇਆ ਹੈ।

ਪਿਛੇ ਜਹੇ ਗੁਰਦਿੱਤ ਸਿੰਘ ਵਿਧਾਨਕਾਰ ਫਰੀਦਕੋਟ ਅਤੇ ਅਮੋਲਕ ਸਿੰਘ ਵਿਧਾਨਕਾਰ ਜੈਤੋ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ ਚੰਗੀਆਂ ਸਿਹਤ ਸਹੂਲਤਾਂ ਦੀ ਘਾਟ ਦਾ ਮੁੱਦਾ ਉਠਾਇਆ ਸੀ। ਉਸ ਸਮੇਂ ਮੁੱਖ ਮੰਤਰੀ ਨੇ ਸਿਹਤ ਮੰਤਰੀ ਦੀ ਹਸਪਤਾਲ ਦਾ ਸੁਧਾਰ ਅਤੇ ਚੰਗੀਆਂ ਸਿਹਤ ਸਹੂਲਤਾਂ ਦੇਣ ਦੀ ਜ਼ਿੰਮੇਵਾਰੀ ਲਗਾਈ ਸੀ। ਇਸ ਲਈ ਚੇਤਨ ਸਿੰਘ ਜੌੜੇਮਾਜਰਾ ਇਸ ਹਸਪਤਾਲ ਦਾ ਮੁਆਇਨਾ ਕਰਨ ਗਏ ਸਨ। ਸਿਹਤ ਮੰਤਰੀ ਦਾ ਪੰਜਾਬ ਦੇ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਲਈ ਹਸਪਤਾਲਾਂ ਅਤੇ ਹੋਰ ਸਿਹਤ ਸੰਸਥਾਵਾਂ ਦੀ ਚੈਕਿੰਗ ਕਰਨ ਦਾ ਸੰਵਿਧਾਨਿਕ ਅਧਿਕਾਰ ਹੈ। ਇਸ ਅਧਿਕਾਰ ਨੂੰ ਵੰਗਾਰਿਆ ਨਹੀਂ ਜਾ ਸਕਦਾ ਪ੍ਰੰਤੂ ਇਸ ਮੰਤਵ ਲਈ ਸਰਕਾਰੀ ਪ੍ਰਣਾਲੀ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਸਿਹਤ ਮੰਤਰੀ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਅਤੇ ਹਸਪਤਾਲ ਦਾ ਮੁਆਇਨਾ ਕਰ ਰਹੇ ਸਨ।

ਉਸ ਕਾਲਜ ਅਤੇ ਹਸਪਤਾਲ ਦੇ ਪ੍ਰਬੰਧਕੀ ਅਧਿਕਾਰੀ ਕਾਲਜ ਦੇ ਪ੍ਰਿੰਸੀਪਲ ਅਤੇ ਕਾਲਜ ਦੇ ਮੈਡੀਕਲ ਸੁਪਰਇਨਟੈਂਡੈਂਟ ਹਨ। ਉਪ ਕੁਲਪਤੀ ਸਮੁੱਚੇ ਤੌਰ 'ਤੇ ਯੂਨੀਵਰਸਿਟੀ ਅਤੇ ਉਸ ਅਧੀਨ ਸੰਸਥਾਵਾਂ ਦੇ ਮੁੱਖੀ ਹਨ। ਉਨ੍ਹਾਂ ਦਾ ਕੰਮ ਮੁੱਖ ਤੌਰ 'ਤੇ ਐਮ.ਬੀ.ਬੀ.ਐਸ. ਅਤੇ ਐਮ.ਐਸ. ਦੇ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਉਨ੍ਹਾਂ ਦੇ ਇਮਤਿਹਾਨ ਲੈਣ ਦੀ ਜ਼ਿੰਮੇਵਾਰੀ ਹੁੰਦੀ ਹੈ। ਸਿਹਤ ਮੰਤਰੀ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਉਨ੍ਹਾਂ ਨੂੰ ਹਸਪਤਾਲ ਦੇ ਕੰਮ ਨੂੰ ਸਹੀ ਲੀਹਾਂ 'ਤੇ ਲਿਆਉਣ ਲਈ ਕਿਸ ਅਧਿਕਾਰੀ ਨਾਲ ਗੱਲ ਕਰਨੀ ਚਾਹੀਦੀ ਹੈ। ਵੈਸੇ ਮੰਤਰੀ ਸਾਹਿਬ ਨੇ ਜਦੋਂ ਚੈਕਿੰਗ ਕਰਨ ਜਾਣਾ ਹੁੰਦਾ ਹੈ, ਉਦੋਂ ਵਿਭਾਗ ਦੇ ਕਿਸੇ ਅਧਿਕਾਰੀ ਨੂੰ ਆਪਣੇ ਨਾਲ ਲਿਜਾਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਵੀ ਉਨ੍ਹਾਂ ਦੇ ਨਾਲ ਸਨ, ਉਨ੍ਹਾਂ ਨੂੰ ਪੁਛ ਸਕਦੇ ਸਨ ਜਾਂ ਉਨ੍ਹਾਂ ਨੂੰ ਹੁਕਮ ਕਰ ਸਕਦੇ ਸਨ।

ਚੈਕਿੰਗ ਦੌਰਾਨ ਜੋ ਉਨ੍ਹਾਂ ਨੂੰ ਖਾਮੀਆਂ ਨਜ਼ਰ ਆਈਆਂ ਸਨ, ਉਨ੍ਹਾਂ ਬਾਰੇ ਦਫ਼ਤਰ ਵਿੱਚ ਬੈਠਕੇ ਸੁਧਾਰਨ ਦੇ ਹੁਕਮ ਦੇਣੇ ਚਾਹੀਦੇ ਸਨ। ਜ਼ਿਲ੍ਹੇ ਦਾ ਮੁੱਖੀ ਡਿਪਟੀ ਕਮਿਸ਼ਨਰ ਹੁੰਦਾ ਹੈ, ਉਨ੍ਹਾਂ ਨੂੰ ਪ੍ਰਾਗਰੈਸ ਬਾਰੇ ਨਿਗਰਾਨੀ ਰੱਖਣ ਲਈ ਕਹਿਣਾ ਚਾਹੀਦਾ ਸੀ। ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਅਧਿਕਾਰੀ ਨੂੰ ਖ਼ਬਰਾਂ ਲਗਵਾਉਣ ਲਈ ਮੀਡੀਆ ਟੀਮ ਨਾਲ ਲਿਜਾ ਕੇ ਜ਼ਲੀਲ ਕਰਨਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਡਾ.ਰਾਜ ਬਹਾਦਰ ਤਾਂ ਸਤਿਕਾਰ ਵਜੋਂ ਉਨ੍ਹਾਂ ਦੇ ਨਾਲ ਸਨ ਕਿਉਂਕਿ ਉਨ੍ਹਾਂ ਦੇ ਵਿਭਾਗ ਦੇ ਮੰਤਰੀ ਮੁਆਇਨਾ ਕਰਨ ਆਏ ਸਨ। ਸਿਹਤ ਮੰਤਰੀ ਦਾ ਗੱਦਿਆਂ ਦੀ ਸਫਾਈ ਲਈ ਡਾ.ਰਾਜ ਬਹਾਦਰ ਨੂੰ ਮੋਢੇ ਤੋਂ ਫੜ੍ਹਕੇ ਇਹ ਕਹਿਣਾ ਕਿ ਤੁਸੀਂ ਖੁਦ ਗੱਦੇ 'ਤੇ ਪੈ ਜਾਓ।

ਡਾ.ਰਾਜ ਬਹਾਦਰ ਸ਼ਰੀਫ਼ ਅਤੇ ਨੇਕ ਇਨਸਾਨ ਹਨ, ਜਿਨ੍ਹਾਂ ਸਿਹਤ ਮੰਤਰੀ ਨੂੰ ਜਵਾਬ ਨਹੀਂ ਦਿੱਤਾ। ਉਹ ਜਵਾਬ ਵੀ ਦੇ ਸਕਦੇ ਸਨ ਕਿ ਸਰਕਾਰ ਗ੍ਰਾਂਟ ਦੇਵੇ ਫਿਰ ਸਭ ਕੁਝ ਠੀਕ ਕਰਵਾ ਦਿੱਤਾ ਜਾਵੇਗਾ। ਹਾਲਾਂ ਕਿ ਗ੍ਰਾਂਟ ਦੇਣ ਤੋਂ ਬਾਅਦ ਵੀ ਸਰਕਾਰ ਦੀ ਖ਼੍ਰੀਦੋ ਫਰੋਕਤ ਦੀ ਪ੍ਰਣਾਲੀ ਲੰਬੀ ਹੈ। ਸਿਹਤ ਮੰਤਰੀ ਦੀ ਇਹ ਹਰਕਤ ਬਿਲਕੁਲ ਹੀ ਜ਼ਾਇਜ ਨਹੀਂ ਅਤੇ ਇਤਨੇ ਵੱਡੇ ਸੰਸਾਰ ਪੱਧਰ ਦੇ ਹੱਡੀਆਂ ਦੇ ਮਾਹਿਰ ਡਾਕਟਰ ਨਾਲ ਦੁਰਵਿਵਹਾਰ ਕਰਨਾ ਆਪਣੇ ਅਹੁਦੇ ਦੀ ਦੁਰਵਰਤੋਂ ਕਰਨਾ ਹੈ ਅਤੇ ਸਲੀਕੇ ਦੀ ਘਾਟ ਹੈ। ਹੱਡੀਆਂ ਦੇ ਰੋਗਾਂ ਦੇ ਮਰੀਜ਼ ਤਾਂ ਡਾ.ਰਾਜ ਬਹਾਦਰ ਨੂੰ ਮਿਲਣ ਲਈ ਤਰਸਦੇ ਹਨ। ਡਾ.ਰਾਜ ਬਹਾਦਰ ਆਪਣੇ ਇਤਨੇ ਵੱਡੇ ਅਹੁਦੇ 'ਤੇ ਹੁੰਦਿਆਂ ਵਾਧੂ ਕਾਰਜ ਮੋਹਾਲੀ ਵਿਖੇ ਸਰਕਾਰੀ ਸੰਸਥਾਨ ਵਿੱਚ ਮਰੀਜਾਂ ਨੂੰ ਵੇਖਦੇ ਹੀ ਨਹੀਂ ਉਨ੍ਹਾਂ ਦੇ ਇਲਾਜ ਕਰਨ ਲਈ ਅਪ੍ਰੇਸ਼ਨ ਵੀ ਕਰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਦੁਰਵਿਵਹਾਰ ਤੋਂ ਬਾਅਦ ਵੀ ਪਹਿਲਾਂ ਨਿਸਚਤ ਕੀਤੇ ਅਪ੍ਰੇਸ਼ਨ ਕਰਨ ਲਈ ਉਹ ਮੋਹਾਲੀ ਹਸਪਤਾਲ ਵਿੱਚ ਅਪ੍ਰੇਸ਼ਨ ਕਰ ਰਹੇ ਹਨ। ਉਹ 13 ਵੱਡੇ ਹਸਪਤਾਲਾਂ ਵਿੱਚ ਕੰਮ ਕਰ ਚੁੱਕੇ ਹਨ, ਜਿਥੇ ਕਦੀਂ ਵੀ ਕਿਸੇ ਨੇ ਉਂਗਲ ਨਹੀਂ ਚੁੱਕੀ।

ਉਨ੍ਹਾਂ ਦਾ 40 ਸਾਲ ਦਾ ਤਜ਼ਰਬਾ ਹੈ। ਉਹ ਪੀ.ਜੀ.ਆਈ.ਚੰਡੀਗੜ੍ਹ ਦੇ ਹੱਡੀਆਂ ਦੇ ਵਿਭਾਗ ਦੇ ਮੁੱਖੀ, 32 ਸੈਕਟਰ ਸਰਕਾਰੀ ਹਸਪਤਾਲ ਚੰਡੀਗੜ੍ਹ ਦੇ ਪ੍ਰਿੰਸੀਪਲ ਅਤੇ ਹੁਣ 2014 ਤੋਂ ਲਗਾਤਾਰ ਤਿੰਨ ਵਾਰੀ ਬਾਬਾ ਫਰੀਦ ਸਿਹਤ ਯੂਨੀਵਰਸਿਟੀ ਦੇ ਉਪ ਕੁਲਪਤੀ ਹਨ। ਉਹ ਨਿਹਾਇਤ ਇਮਾਨਦਾਰ, ਮਿਹਨਤੀ, ਆਪਣੇ ਫ਼ਰਜ਼ ਪ੍ਰਤੀ ਵਫ਼ਾਦਾਰ ਅਤੇ ਨਿਸ਼ਠਾਵਾਨ ਹਨ। ਆਨੰਦਪੁਰ ਸਾਹਿਬ ਵਰਗੇ ਪਛੜੇ ਪਹਾੜੀ ਇਲਾਕੇ ਵਿੱਚੋਂ ਸਹੂਲਤਾਂ ਨਾ ਹੋਣ ਤੇ ਬਾਵਜੂਦ ਪੜ੍ਹਕੇ ਆਏ ਹਨ। ਉਨ੍ਹਾਂ ਦਾ ਆਤਮ ਸਨਮਾਨ ਵੀ ਹੈ, ਜਿਸਨੂੰ ਠੇਸ ਪਹੁੰਚੀ ਹੈ। ਮੰਤਰੀ ਜੀ ਉਨ੍ਹਾਂ ਦਾ ਟ੍ਰੈਕ ਰਿਕਾਰਡ ਹੀ ਚੈਕ ਕਰ ਲੈਂਦੇ। ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਉਨ੍ਹਾਂ ਨੂੰ ਨਿਯੁਕਤ ਕੀਤਾ ਸੀ ਫਿਰ ਕੈਪਟਨ ਅਮਰਿੰਦਰ ਸਿੰਘ ਨੇ ਨਿਯੁਕਤ ਕੀਤਾ ਸੀ। ਜੇਕਰ ਉਹ ਸਹੀ ਨਾ ਹੁੰਦੇ ਤਾਂ ਤੀਜੀ ਵਾਰ ਕਿਵੇਂ ਉਪ ਕੁਲਪਤੀ ਬਣ ਜਾਂਦੇ।

ਸਿਹਤ ਮੰਤਰੀ ਜੀ ਜੇਕਰ ਤੁਸੀਂ ਉਨ੍ਹਾਂ ਨੂੰ ਦਬਾਅ ਪਾ ਕੇ ਹਟਾਉਣਾ ਚਾਹੁੰਦੇ ਤਾਂ ਸੰਭਵ ਨਹੀਂ ਹੁੰਦਾ ਕਿਉਂਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ.ਜਸਬੀਰ ਸਿੰਘ ਆਹਲੂਵਾਲੀਆ ਨੂੰ ਕੇਸ ਬਣਾ ਕੇ ਹਟਾਉਣ ਦੀ ਕੋਸ਼ਿਸ਼ ਕੀਤੀ ਸੀ, ਅੱਜ ਉਹ ਅਧਿਕਾਰੀ ਜਿਨ੍ਹਾਂ ਨੇ ਕੇਸ ਬਣਾਏ ਸਨ, ਉਹ ਖੁਦ ਅਜਿਹੇ ਕੇਸਾਂ ਦਾ ਸਾਹਮਣਾ ਕਰ ਰਹੇ ਹਨ। ਇਸੇ ਤਰ੍ਹਾਂ ਡਾ.ਜੋਗਿੰਦਰ ਸਿੰਘ ਪੁਆਰ ਨੂੰ ਹਟਾਉਣ ਦੀ ਕੋਸ਼ਿਸ਼ ਵੀ ਅਸਫਲ ਰਹੀ ਸੀ। ਸਿਹਤ ਮੰਤਰੀ ਨੂੰ ਉਨ੍ਹਾਂ ਦੇ ਸਟੇਟਸ ਨੂੰ ਮੁੱਖ ਰੱਖ ਕੇ ਗੱਲ ਕਰਨੀ ਚਾਹੀਦੀ ਸੀ। ਸਗੋਂ ਉਨ੍ਹਾਂ ਆਪਣੀ ਹੀ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਇੱਕ ਹੋਰ ਵੀ ਮਹੱਤਵਪੂਰਨ ਨੁਕਤਾ ਹੈ ਕਿ ਉਨ੍ਹਾਂ ਨੂੰ ਪੰਜਾਬ ਸਰਕਾਰ ਅਹੁਦੇ 'ਤੇ ਲਾਉਣ ਲਈ ਸਿਫ਼ਰਸ਼ ਤਾਂ ਕਰ ਸਕਦੀ ਹੈ ਪ੍ਰੰਤੂ ਅਹੁਦੇ ਤੋਂ ਹਟਾ ਨਹੀਂ ਸਕਦੀ। ਉਹ ਸਿੱਧੇ ਰਾਜਪਾਲ ਪੰਜਾਬ ਦੇ ਅਧੀਨ ਹਨ।

ਸਰਕਾਰ ਬਿਹਤਰੀਨ ਸਿਹਤ ਸਹੂਲਤਾਂ ਦੇਣਾ ਚਾਹੁੰਦੀ ਹੈ ਤਾਂ ਹਸਪਤਾਲਾਂ ਵਿੱਚ ਦਵਾਈਆਂ ਅਤੇ ਗੱਦਿਆਂ ਲਈ ਪੈਸੇ ਭੇਜਣ। ਮੰਤਰੀ ਜੀ ਨੂੰ ਹੋਮ ਵਰਕ ਕਰਨਾ ਚਾਹੀਦਾ। ਪੰਜਾਬ ਦੇ ਹਸਤਪਤਾਲ ਅਤੇ ਡਿਸਪੈਂਸਰੀਆਂ ਤਾਂ ਦਵਾਈਆਂ, ਮੈਡੀਕਲ ਸਾਮਾਨ ਅਤੇ ਅਮਲੇ ਦੀ ਘਾਟ ਦਾ ਸਾਹਮਣਾ ਕਰ ਰਹੀ ਹੈ। ਪਹਿਲਾਂ ਇਨ੍ਹਾਂ ਸਾਰੀਆਂ ਚੀਜ਼ਾਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਫਿਰ ਚੈਕਿੰਗ ਕੀਤੀ ਜਾਵੇ ਕਿ ਸਰਕਾਰ ਦਾ ਪੈਸਾ ਠੀਕ ਵਰਤਿਆ ਜਾ ਰਿਹਾ ਹੈ। ਉਹ ਤਾਂ ਉਲਟਾ ਭਗਵੰਤ ਸਿੰਘ ਮਾਨ ਦੀ ਸੋਚ ਨੂੰ ਗ੍ਰਹਿਣ ਲਾ ਰਹੇ ਹਨ। ਸਰਕਾਰ ਦੀ ਕੀਤੀ ਕਰਾਈ ਤੇ ਮਿੱਟੀ ਪਾ ਰਹੇ ਹਨ। ਭਗਵੰਤ ਸਿੰਘ ਮਾਨ ਨੂੰ ਆਪਣੇ ਵਿਧਾਨਕਾਰਾਂ ਅਤੇ ਮੰਤਰੀਆਂ ਨੂੰ ਟ੍ਰੇਨਿੰਗ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਚੋਣਾ ਜਿੱਤਣ ਦਾ ਭਾਵ ਇਹ ਨਹੀਂ ਕਿ ਹਰ ਜਣੇ ਖਣੇ ਦੇ ਗਲ੍ਹ ਪੈ ਜਾਵੋ ਅਤੇ ਅਧਿਕਾਰੀਆਂ ਦੀ ਬੇਇਜ਼ਤੀ ਕਰੋ। ਵੈਸੇ ਤਾਂ ਮੰਤਰੀ ਮੰਡਲ ਦੇ ਗਠਨ ਦਾ ਅਧਿਕਾਰ ਮੁੱਖ ਮੰਤਰੀ ਨੂੰ ਹੁੰਦਾ ਹੈ ਪ੍ਰੰਤੂ ਮੁੱਖ ਮੰਤਰੀ ਨੂੰ ਮੰਤਰੀਆਂ ਦੀ ਚੋਣ ਕਰਨ ਲੱਗਿਆਂ ਉਨ੍ਹਾਂ ਦੀ ਪ੍ਰਬੰਧਕੀ ਕਾਬਲੀਅਤ ਦਾ ਵੀ ਧਿਆਨ ਰੱਖਣਾ ਚਾਹੀਦਾ। ਬਹੁਤੇ ਮੰਤਰੀ ਨਵੇਂ ਹੋਣ ਕਰਕੇ ਪ੍ਰਬੰਧਕੀ ਪ੍ਰਣਾਲੀ ਦੇ ਨਿਯਮਾ ਨੂੰ ਜਾਣਦੇ ਨਹੀਂ ਪ੍ਰੰਤੂ ਮੁੱਖ ਮੰਤਰੀ ਘੱਟੋ ਘੱਟ ਮੰਤਰੀਆਂ ਦੇ ਵਿਭਾਗ ਵੰਡਣ ਸਮੇਂ ਤਾਂ ਖਿਆਲ ਰੱਖਦੇ ਕਿ ਪੜ੍ਹੇ ਲਿਖੇ ਅਮਲੇ ਵਾਲੇ ਵਿਭਾਗ ਕਿਹੜੇ ਮੰਤਰੀ ਨੂੰ ਦੇਣੇ ਹਨ।

ਅਸੀਂ ਚੇਤਨ ਸਿੰਘ ਜੌੜੇਮਾਜਰਾ ਦੀ ਵਿਦਿਅਕ ਯੋਗਤਾ, ਕਾਬਲੀਅਤ ਅਤੇ ਵਿਦਵਤਾ ਬਾਰੇ ਕੁਝ ਨਹੀਂ ਕਹਿ ਰਹੇ ਪ੍ਰੰਤੂ ਸਿਹਤ ਵਿਭਾਗ ਦਾ ਲਗਪਗ ਸਾਰਾ ਅਮਲਾ ਪ੍ਰੋਫ਼ੈਸ਼ਨਲ ਹੁੰਦਾ ਹੈ। ਆਮ ਆਦਮੀ ਪਾਰਟੀ ਦਾ ਇਕ ਮੰਤਰੀ ਰਿਸ਼ਵਤ ਦੇ ਕੇਸ ਵਿੱਚ ਬਰਖ਼ਾਸਤ ਕੀਤਾ, ਦੂਜਾ ਸੀਨੀਅਰ ਡਾਕਟਰ ਨੂੰ ਜ਼ਲੀਲ ਕਰਦਾ ਵਾਦ-ਵਿਵਾਦ ਵਿੱਚ ਪੈ ਗਿਆ, ਲਗਪਗ ਇਕ ਦਰਜਨ ਵਿਧਾਨਕਾਰ ਅਧਿਕਾਰੀਆਂ ਨਾਲ ਦੁਰਵਿਵਹਾਰ ਕਰਦੇ ਚਰਚਾ ਵਿੱਚ ਰਹੇ, ਜਿਨ੍ਹਾਂ ਵਿੱਚ ਜਲੰਧਰ ਦੇ ਏ.ਡੀ.ਸੀ ਨਾਲ ਬਦਸਲੂਕੀ, ਲੁਧਿਆਣਾ ਵਿਖੇ ਆਈ.ਪੀ.ਐਸ. ਅਧਿਕਾਰੀ ਨਾਲ ਵਾਦ-ਵਿਵਾਦ, ਪਾਇਲ ਵਿਖੇ ਪੁਲਿਸ ਅਧਿਕਾਰੀ ਨਾਲ ਝਗੜਾ, ਫਰੀਦਕੋਟ ਵਿੱਚ ਸਸਤੀ ਸ਼ਰਾਬ ਲਈ ਢਾਬਿਆਂ ਤੇ ਸ਼ਰਾਬੀਆਂ ਨੂੰ ਮਿਲਣ ਦੀ ਚਰਚਾ, ਭਦੌੜ ਵਿੱਚ ਸਕੂਲਾਂ ਦੀ ਚੈਕਿੰਗ ਆਦਿ ਵਰਨਣਯੋਗ ਹਨ।

ਵਿਧਾਨਕਾਰ ਦਫ਼ਤਰਾਂ ਦੀ ਚੈਕਿੰਗ ਕਰਦੇ ਹਨ ਅਤੇ ਅਧਿਕਾਰੀਆਂ ਦੀਆਂ ਕੁਰਸੀਆਂ 'ਤੇ ਬੈਠ ਜਾਂਦੇ ਹਨ। ਵਿਧਾਨਕਾਰ ਦਾ ਸਟੇਟਸ ਉਚਾ ਹੈ, ਇਸ ਲਈ ਉਨ੍ਹਾਂ ਨੂੰ ਆਪਣੇ ਸਟੇਟਸ ਅਨੁਸਾਰ ਵਿਵਹਾਰ ਕਰਨਾ ਚਾਹੀਦਾ ਹੈ। ਖ਼ਬਰਾਂ ਆ ਰਹੀਆਂ ਹਨ ਕਿ ਸਿਹਤ ਮੰਤਰੀ ਦੇ ਜ਼ਲੀਲ ਕਰਨ ਤੋਂ ਬਾਅਦ ਡਾ.ਰਾਜ ਬਹਾਦਰ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਸਮੁੱਚੇ ਦੇਸ਼ ਦਾ ਮੈਡੀਕਲ ਭਾਈਚਾਰਾ ਸਿਹਤ ਮੰਤਰੀ ਦੇ ਵਿਵਹਾਰ ਤੋਂ ਗੁੱਸੇ ਵਿੱਚ ਹੈ ਅਤੇ ਨਿੰਦਿਆ ਕਰ ਰਿਹਾ ਹੈ। ਪੰਜਾਬ ਦੇ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ.ਰਾਜੀਵ ਦੇਵਗਣ ਅਤੇ ਗੁਰੂ ਨਾਨਕ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਮੈਡੀਕਲ ਸੁਪਰਇਨਟੈਂਡੈਂਟ ਡਾ ਕੇ.ਡੀ.ਸਿੰਘ ਨੇ ਵੀ ਅਸਤੀਫ਼ੇ ਦੇ ਦਿੱਤੇ ਹਨ।

ਵਿਰੋਧੀ ਸਿਆਸੀ ਪਾਰਟੀਆਂ ਲਈ ਖਾਮਖ਼ਾਹ ਮੁੱਦਾ ਬਣ ਗਿਆ ਹੈ। ਸ੍ਰ. ਭਗਵੰਤ ਸਿੰਘ ਮਾਨ ਨੂੰ ਆਪਣੇ ਮੰਤਰੀਆਂ ਅਤੇ ਵਿਧਾਨਕਾਰਾਂ ਨੂੰ ਕਾਬੂ ਵਿੱਚ ਰੱਖਣਾ ਚਾਹੀਦਾ ਤਾਂ ਜੋ ਲੋਕ ਬਦਲਾਓ ਦਾ ਆਨੰਦ ਮਾਣ ਸਕਣ। ਸਿਆਸੀ ਲੋਕ ਰਾਜ ਬਹਾਦਰ ਨਾਲ ਹੋਈ ਬਦਸਲੂਕੀ ਤੇ ਸਿਆਸਤ ਕਰ ਰਹੇ ਹਨ, ਜੋ ਬਿਲਕੁਲ ਹੀ ਜਾਇਜ਼ ਨਹੀਂ। ਵੈਸੇ ਇਸ ਸਮੇਂ ਸਮੁਚਾ ਪੰਜਾਬ ਡਾ.ਰਾਜ ਬਹਾਦਰ ਨਾਲ ਖੜ੍ਹਾ ਹੈ।

## ਹਲਕਾ-ਫੁਲਕਾ

ਲਾਇਬਰੇਰੀ ਦਾ ਕਲਰਕ (ਲੜਕੇ ਨੂੰ), ''ਤੈਨੂੰ ਸ੍ਰੀ ਘਸੀਟਾ ਨੰਦ ਦੀਆਂ ਕਿਤਾਬਾਂ ਵਿੱਚ ਬੜਾ ਆਨੰਦ ਆਉਂਦਾ ਲੱਗਦੈ। ਹਰ ਵਾਰ ਉਨ੍ਹਾਂ ਦੀਆਂ ਲਿਖੀਆਂ ਕਿਤਾਬਾਂ ਲੈ ਜਾਂਦੇ ਏਂ।''

ਲੜਕਾ, ''ਦਰਅਸਲ ਗੱਲ ਇਹ ਹੈ ਕਿ ਇੱਕ ਵਾਰ ਉਨ੍ਹਾਂ ਕਿਤਾਬਾਂ ਵਿੱਚ 100 ਰੁਪਏ ਦਾ ਨੋਟ ਮਿਲਿਆ ਸੀ।''

*********

ਇੱਕ ਟੈਕਸੀ ਚਾਲਕ ਨੂੰ ਚੱਲਦੀ ਟੈਕਸੀ ਵਿੱਚ ਪਿੱਛੇ ਬੈਠੇ ਯਾਤਰੀ ਨੇ ਜਦੋਂ ਕੁਝ ਕਹਿਣ ਲਈ ਉਸ ਦੇ ਮੋਢੇ ਉਤੇ ਹੱਥ ਰੱਖਿਆ ਤਾਂ ਟੈਕਸੀ ਡਰਾਈਵਰ ਜ਼ੋਰ ਨਾਲ ਚੀਕਿਆ ਤੇ ਘਬਰਾ ਕੇ ਟੈਕਸੀ ਦਾ ਸੰਤੁਲਨ ਗੁਆ ਬੈਠਾ ਤੇ ਟੈਕਸੀ ਫੁਟਪਾਥ ਉਤੇ ਚੜ੍ਹ ਗਈ। ਯਾਤਰੀ ਨੇ ਟੈਕਸੀ ਡਰਾਈਵਰ ਨੂੰ ਕਿਹਾ, ''ਸੌਰੀ, ਮੈਨੂੰ ਨਹੀਂ ਪਤਾ ਸੀ ਮੇਰੇ ਹੱਥ ਲਾਉਣ ਨਾਲ ਤੁਹਾਡਾ ਧਿਆਨ ਇਸ ਤਰ੍ਹਾਂ ਭਟਕ ਜਾਵੇਗਾ।''

ਟੈਕਸਾ ਡਰਾਈਵਰ, ''ਸਾਬ੍ਹ! ਤੁਹਾਡੀ ਗ਼ਲਤੀ ਨਹੀਂ। ਟੈਕਸੀ ਚਲਾਉਣ ਦਾ ਅੱਜ ਮੇਰਾ ਪਹਿਲਾਂ ਦਿਨ ਹੈ, ਪਿਛਲੇ 24 ਸਾਲਾਂ ਤੋਂ ਮੈਂ ਮੁਰਦੇ ਢੋਣ ਵਾਲੀ ਗੱਡੀ ਚਲਾਉਂਦਾ ਰਿਹਾ ਸੀ।''

********


ਹਨੀ (ਮਨੀ ਨੂੰ), ''ਸੂਰਜ ਕਿਸ ਦਿਸ਼ਾ ਵਿੱਚ ਛਿਪਦਾ ਹੈ?''

ਮਨੀ, ''ਇਹ ਗੱਲ ਤਾਂ ਕੋਈ ਬੇਵਕੂਫ ਵੀ ਦੱਸ ਸਕਦਾ ਹੈ।''

ਹਨੀ, ''ਤਦ ਹੀ ਤਾਂ ਤੇਰੇ ਕੋਲੋਂ ਪੁੱਛਿਆ ਹੈ।''

# ਸੋਨੇ ਦੀ ਚਿੜੀ ਤਾਂ ਭਾਰਤ ਸੀ, ਤੇ ਅੱਜ ਵੀ ਹੈ, ਪਰ ਲੋਕਾਂ ਲਈ ਨਹੀਂ, ਲੁਟੇਰਿਆਂ ਦੇ ਪਿੰਜਰੇ ਵਿੱਚ ਹੈ



ਜਤਿੰਦਰ ਪੰਨੂ

ਮੈਂ ਅਤੇ ਮੇਰੇ ਵਰਗੇ ਬਹੁਤ ਸਾਰੇ ਲੋਕਾਂ ਨੇ ਉਹ ਦਿਨ ਬਚਪਨ ਵਿੱਚ ਦੇਖੇ ਹੋਏ ਹਨ, ਜਦੋਂ ਘਰ ਕੱਚੀ ਮਿੱਟੀ ਦੇ ਹੁੰਦੇ ਸਨ ਅਤੇ ਸਾਰੇ ਪਿੰਡ ਵਿੱਚ ਇੱਕ-ਦੋ ਘਰ ਪੱਕੀਆਂ ਇੱਟਾਂ ਵਾਲੇ ਹੋਣ ਕਰ ਕੇ ਉਨ੍ਹਾਂ ਨੂੰ ਲੋਕ 'ਮਹਿਲਾਂ ਵਾਲੇ' ਕਿਹਾ ਕਰਦੇ ਸਨ। ਅੱਜ ਪੰਜਾਬ ਵਿੱਚ ਸ਼ਾਇਦ ਹੀ ਕਿਸੇ ਦਾ ਘਰ ਪੂਰੇ ਦਾ ਪੂਰਾ ਕੱਚਾ ਰਹਿ ਗਿਆ ਹੋਵੇ, ਪਰ ਬਾਕੀ ਦੇਸ਼ ਵਿੱਚ ਅੱਜ ਵੀ ਲਗਭਗ ਹਰ ਰਾਜ ਵਿੱਚ ਕੱਚੀ ਮਿੱਟੀ ਦੇ ਘਰ ਮਿਲ ਜਾਂਦੇ ਹਨ। ਮੈਂ ਤੇ ਮੇਰੇ ਵਰਗੇ ਲੋਕ ਬਚਪਨ ਵਿੱਚ ਸਕੂਲੀ ਪੜ੍ਹਾਈ ਵਿੱਚ ਵੀ ਅਤੇ ਆਏ-ਗਏ ਕਿਸੇ ਕਥਾ-ਵਾਚਕ ਤੋਂ ਵੀ ਇਹ ਜਾਣ ਕੇ ਹੈਰਾਨ ਹੁੰਦੇ ਸਾਂ ਕਿ ਭਾਰਤ ਕਿਸੇ ਵਕਤ ਸੋਨੇ ਦੀ ਚਿੜੀ ਹੁੰਦਾ ਸੀ। ਕੱਚੇ ਘਰ ਜਦੋਂ ਸਾਡੇ ਸਮਿਆਂ ਤੱਕ ਵੀ ਸਨ ਅਤੇ ਉਨ੍ਹਾਂ ਵਿੱਚ ਲੋਕ ਵਸੇਬਾ ਕਰਦੇ ਸਨ ਤਾਂ ਕਈ ਸਦੀਆਂ ਪਹਿਲਾਂ ਇਸ ਦੇਸ਼ ਦੇ ਸੋਨੇ ਦੀ ਚਿੜੀ ਹੋਣ ਦਾ ਯਕੀਨ ਨਹੀਂ ਸੀ ਆਉਂਦਾ। ਦੇਸ਼ ਦੇ ਇਤਿਹਾਸ ਬਾਰੇ ਬਹੁਤ ਵੱਡਾ ਜਾਣਕਾਰ ਸਮਝੇ ਜਾਂਦੇ ਇੱਕ ਸੱਜਣ ਤੋਂ ਜਦੋਂ ਅਸੀਂ ਇਹੋ ਗੱਲ ਪੁੱਛੀ ਤਾਂ ਉਸ ਨੇ ਆਖਿਆ ਕਿ ਉਹ ਗੱਲ ਵੀ ਠੀਕ ਸੀ ਤੇ ਜਿਹੜੀ ਤੁਸੀਂ ਸੋਚਦੇ ਹੋ, ਉਹ ਵੀ ਠੀਕ ਹੈ। ਉਸ ਨੇ ਕਿਹਾ ਸੀ ਕਿ ਰਾਜਿਆਂ ਦੇ ਸਦੀਆਂ ਪੁਰਾਣੇ ਮਹਿਲ-ਮੁਨਾਰੇ ਅਤੇ ਦੇਸ਼ ਦੇ ਪੁਰਾਤਨ ਸਮੇਂ ਦੇ ਮੰਦਰਾਂ ਵੱਲ ਵੇਖੋ ਤਾਂ ਓਦੋਂ ਭਾਰਤਸਚਮੁੱਚ ਸੋਨੇ ਦੀ ਚਿੜੀ ਹੋਵੇਗਾ, ਪਰ ਦੇਸ਼ ਦੇ ਆਮ ਲੋਕ ਉਸ ਵੇਲੇ ਵੀ ਭੁੱਖ-ਦੁੱਖ ਦੀ ਦਲਦਲ ਵਿੱਚ ਫਸੇ ਹੋਏ ਸਨ ਅਤੇ ਅੱਜ ਵੀ ਹਨ। ਇਨ੍ਹਾਂ ਦੀ ਇਸ ਮੰਦੀ ਹਾਲਤ ਦਾ ਕਾਰਨ ਇਹ ਹੈ ਕਿ ਇਨ੍ਹਾਂ ਦੀ ਕਿਰਤ ਦੀ ਕਮਾਈ ਕਦੇ ਇਨ੍ਹਾਂ ਕੋਲ ਨਹੀਂ ਰਹੀ, ਜਿਨ੍ਹਾਂ ਲੋਕਾਂ ਕੋਲ ਚਲੀ ਜਾਂਦੀ ਸੀ, ਉਹ ਓਦੋਂ ਵੀ ਖੁਸ਼ਹਾਲ ਹੋ ਜਾਂਦੇ ਸਨ ਅਤੇ ਉਨ੍ਹਾਂ ਨੂੰ ਭਾਰਤ ਦੇਸ਼ ਸੋਨੇ ਦੀ ਚਿੜੀ ਜਾਪਦਾ ਸੀ ਤੇ ਆਮ ਲੋਕਾਂ ਲਈ ਇਹ ਦੇਸ਼ ਨਾ ਓਦੋਂ ਸੋਨੇ ਦੀ ਚਿੜੀ ਹੁੰਦਾ ਸੀ, ਨਾ ਅੱਜ ਹੀਇਸ ਨੂੰਲੋਕਾਂ ਲਈ ਸੁਖਾਵਾਂ ਕਿਹਾ ਜਾ ਸਕਦਾ ਹੈ। ਪਿਛਲੇ ਦਿਨਾਂ, ਅਤੇ ਸਿਰਫ ਦਿਨਾਂ ਨਹੀਂ, ਪਿਛਲੇ ਕੁਝ ਮਹੀਨਿਆਂਵਿੱਚ ਜੋ ਕੁਝ ਸਾਡੇ ਸਾਹਮਣੇ ਆਇਆ ਹੈ, ਉਹ ਸਾਰਾ ਕੁਝ ਇਹੋ ਦੱਸਦਾ ਹੈ ਕਿ ਭਾਰਤ ਅੱਜ ਵੀ ਸੋਨੇ ਦੀ ਚਿੜੀ ਹੈ, ਪਰ ਸਿਰਫ ਚੋਣਵੇਂ ਲੋਕਾਂ ਲਈ ਹੈ।

ਜਦੋਂ ਪੰਜਾਬ ਤੇ ਇਸ ਦੇ ਨਾਲ ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦਾ ਮੈਦਾਨ ਭਖਦਾ ਪਿਆ ਸੀ ਤਾਂ ਇੱਕ ਦਿਨ ਇਹ ਗੱਲ ਸੁਣੀ ਗਈ ਕਿ ਉੱਤਰ ਪ੍ਰਦੇਸ਼ ਦੇ ਕਾਨਪੁਰ ਵਿੱਚ ਪਿਊਸ਼ ਜੈਨ ਨਾਂਅ ਦੇ ਇੱਕ ਬੰਦੇ ਤੋਂ ਜੀ ਐੱਸ ਟੀ (ਗੁਡਜ਼ ਐਂਡ ਸਰਵਿਸ ਟੈਕਸ) ਵਿਭਾਗ ਨੇ ਦਸ ਕਰੋੜ ਰੁਪਏ ਨਕਦ ਪਕੜੇ ਹਨ। ਅਸੀਂ ਅਜੇ ਏਨੀ ਵੱਡੀ ਬਰਾਮਦਗੀ ਤੋਂ ਹੈਰਾਨ ਹੋਰਹੇ ਸਾਂ ਕਿ ਸਿਰਫ ਦੋ ਦਿਨ ਬਾਅਦ ਉਸ ਤੋਂ ਇਕੱਠੇ ਇੱਕ ਸੌ ਸਤਾਸੀ ਕਰੋੜ ਰੁਪਏ ਨਕਦੀ ਮਿਲਣ ਦੀ ਨਵੀਂ ਖਬਰ ਆ ਗਈ। ਫਿਰ ਸੁਣਿਆ ਸੀ ਕਿ ਉਸ ਦੇ ਦੋ ਗੋਦਾਮਾਂ ਤੋਂ ਵੀ ਪੰਜ-ਪੰਜ ਕਰੋੜ ਰੁਪਏ ਨਕਦੀ ਲੁਕਾਈ ਹੋਈ ਮਿਲੀ ਹੈ ਅਤੇ ਅਜੇ ਕੁਝ ਹੋਰ ਮਿਲ ਸਕਦੀ ਹੈ। ਅਸੀਂ ਉਸ ਦੀ ਖਬਰ ਦਾ ਪਿੱਛਾ ਕਰਨਾ ਛੱਡ ਦਿੱਤਾ। ਅਗਲੇ ਕਈ ਦਿਨ ਪਿਊਸ਼ ਜੈਨ ਦੇ ਵੱਖ-ਵੱਖ ਟਿਕਾਣਿਆਂ ਤੋਂ ਸੋਨਾ ਅਤੇ ਨਕਦੀ ਮਿਲਣ ਦੀਆਂ ਖਬਰਾਂ ਪੜ੍ਹਨ ਲਈ ਅਤੇ ਉਨ੍ਹਾਂ ਨੋਟਾਂ ਨੂੰ ਗਿਣਨ ਵਾਲੀਆਂ ਮਸ਼ੀਨਾਂ ਚੱਲਦੇ ਹੋਣ ਦੀਆਂ ਫੋਟੋ ਸਾਨੂੰ ਵੇਖਣੀ ਪਈਆਂ, ਜਿਹੜੀਆਂ ਗਰੀਬਾਂ ਦਾ ਮੂੰਹ ਚਿੜਾ ਰਹੀਆਂ ਸਨ। ਉਸ ਬਾਰੇ ਪਤਾ ਲੱਗਾ ਕਿ ਉਹ ਕਿਸੇ ਇਹੋ ਜਿਹੀ ਸਿਆਸੀ ਪਾਰਟੀ ਨਾਲ ਨੇੜ ਕਰ ਬੈਠਾ ਸੀ, ਜਿਸ ਨਾਲ ਕੇਂਦਰ ਅਤੇ ਉੱਤਰ ਪ੍ਰਦੇਸ਼ ਵਿੱਚ ਰਾਜ ਕਰਨ ਵਾਲਿਆਂ ਦਾ ਸਿਆਸੀ ਆਢਾ ਚੱਲਦਾ ਸੀ। ਮਾਮਲਾ ਸਿਆਸੀ ਹੋ ਗਿਆ।

ਪਿਛਲੇ ਜੂਨ ਵਿੱਚ ਪੰਜਾਬ ਵਿੱਚ ਸੂਬਾਈ ਸੇਵਾ (ਪੀ ਸੀ ਐੱਸ) ਦਾ ਅਫਸਰ ਤਰੱਕੀ ਨਾਲ ਕੇਂਦਰੀ ਸਰਵਿਸ ਦਾ (ਆਈ ਏ ਐੱਸ) ਅਫਸਰ ਬਣਿਆ ਸੰਜੇ ਪੋਪਲੀ ਇੱਕ ਦਿਨ ਵਿਜੀਲੈਂਸ ਨੇ ਫੜ ਲਿਆ। ਬਦਨਾਮੀ ਉਸ ਦੀ ਬਹੁਤ ਸੀ, ਉਸ ਦੇ ਘਰ ਦੀ ਜਾਂਚ ਹੋਈ ਤਾਂ ਉਸ ਦੀ ਬਦਨਾਮੀ ਦਾ ਕਾਰਨ ਪੰਜਾਬ ਦੇ ਲੋਕਾਂ ਅੱਗੇ ਆ ਗਿਆ। ਉਸ ਦੇ ਘਰੋਂ ਬਾਰਾਂ ਕਿੱਲੋਂ ਸੋਨਾ ਮਿਲਿਆ, ਜਿਸ ਵਿੱਚ ਇੱਕ-ਇੱਕ ਕਿੱਲੋ ਸੋਨੇ ਦੀਆਂ ਨੌਂ ਇੱਟਾਂ ਤੇ ਉਨੰਜਾ ਸੋਨੇ ਦੇ ਬਿਸਕੁਟ ਸਨ ਤੇ ਸੋਨੇ ਦੇ ਬਾਰਾਂ ਸਿੱਕੇ ਵੀ ਸਨ। ਇਸ ਤੋਂ ਬਿਨਾ ਚਾਂਦੀ ਦੀਆਂ ਇੱਕ-ਇੱਕ ਕਿੱਲੋਦੀਆ ਤਿੰਨ ਇੱਟਾਂ ਵੀ ਪਈਆਂ ਮਿਲ ਗਈਆਂ। ਦੁੱਖ ਦੀ ਗੱਲ ਹੈ ਕਿ ਉਸ ਦਾ ਬਹੁਤ ਹੋਣਹਾਰ ਕਿਹਾ ਜਾਂਦਾ ਪੁੱਤਰ ਆਪਣੇ ਬਾਪ ਵੱਲੋਂ ਕੀਤੀ ਕਾਲੀ ਕਮਾਈ ਦੀ ਕਹਾਣੀ ਸੰਸਾਰ ਸਾਹਮਣੇ ਆਉਣ ਦੇ ਦੁੱਖ ਵਿੱਚ ਸੰਸਾਰ ਤੋਂ ਵਿਦਾ ਹੋ ਗਿਆ, ਪਰ ਜਿਹੜੇ ਸੱਚ ਤੋਂ ਪਰਦਾ ਚੁੱਕਿਆ ਗਿਆ, ਉਹ ਇਕੱਲੇ ਸੰਜੇ ਪੋਪਲੀ ਦਾ ਸੀ, ਉਸ ਵਰਗੇ ਕਈ ਅਜੇ ਬੇਪਰਦ ਹੀ ਨਹੀਂ ਹੋਏ।

ਕਹਾਣੀ ਦਾ ਤੀਸਰਾ ਕਾਂਡ ਅਸੀਂ ਪੱਛਮੀ ਬੰਗਾਲ ਵਿੱਚ ਦੌਲਤ ਦਾ ਢੇਰ ਲਾਉਣ ਵਾਲੇ ਮੰਤਰੀ ਪਾਰਥ ਚੈਟਰਜੀ ਦਾ ਕਹਿ ਸਕਦੇ ਹਾਂ, ਪਰ ਇਸ ਦਾ ਮਤਲਬ ਇਹ ਨਹੀਂ ਕਿ ਇਸ ਦੌਰਾਨ ਹੋਰ ਕੋਈ ਵੱਡਾ ਕਿੱਸਾ ਨਹੀਂ ਆਇਆ, ਸਗੋਂ ਇਹ ਹੈ ਕਿ ਸਾਰੇ ਕਿੱਸਿਆਂ ਦੀ ਚਰਚਾ ਕਰਨਾ ਸਾਡੇ ਲਈ ਸੰਭਵ ਨਹੀਂ ਰਿਹਾ। ਪਾਰਥ ਚੈਟਰਜੀ ਨੂੰ ਟੀਚਰ ਭਰਤੀ ਦੇ ਓਦਾਂ ਦੇ ਘੋਟਾਲੇ ਵਿੱਚ ਫੜਿਆ ਗਿਆ ਹੈ, ਜਿੱਦਾਂ ਦੇ ਘੋਟਾਲੇ ਕਾਰਨ ਹਰਿਆਣਾ ਦੇ ਚਾਰ ਵਾਰੀਆਂ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਅਤੇ ਉਸ ਦਾ ਵੱਡਾ ਪੁੱਤਰ ਅਜੈ ਚੌਟਾਲਾ ਦਸ ਸਾਲ ਜੇਲ੍ਹ ਵਿੱਚ ਰਹੇ ਸਨ। ਸਾਰੇ ਕੇਸ ਦੀ ਸੁਣਵਾਈ ਦੇ ਬਾਅਦਚੌਟਾਲਾ ਦੀ ਕੁਝ ਜਾਇਦਾਦ ਵੀ ਜ਼ਬਤ ਹੋਈ ਸੀ, ਪਰ ਨੋਟਾਂ ਦੇ ਢੇਰ ਵੇਖਣ ਤੋਂ ਲੋਕ ਵਾਂਝੇ ਰਹੇ ਸਨ ਤੇ ਪਾਰਥ ਚੈਟਰਜੀ ਦੇ ਮਾਮਲੇ ਵਿੱਚ ਇਹ ਵੀ ਕੰਮ ਹੋ ਗਿਆ ਹੈ। ਪਾਰਥ ਚੈਟਰਜੀ ਦੀ ਇੱਕ ਸਹਿਯੋਗਣ ਫਿਲਮ ਮਾਡਲ ਹੁੰਦੀ ਸੀ, ਫਿਰ ਇਸ ਨਾਲ ਮਿਲ ਕੇ ਕਮਾਈ ਕਰਨ ਲੱਗ ਗਈ। ਜਿਸ ਦਿਨ ਪਾਰਥ ਚੈਟਰਜੀ ਫੜੇ ਜਾਣ ਦੀ ਖਬਰ ਆਈ, ਅਗਲੇ ਦਿਨ ਉਸ ਦੀ ਸਹਿਯੋਗਣ ਅਰਪਿਤਾ ਮੁਖਰਜੀ ਦੇ ਘਰ ਛਾਪਾ ਪੈ ਗਿਆ ਤੇ ਪਹਿਲੀ ਖੇਪ ਹੀ ਦਸ ਕਰੋੜ ਰੁਪਏ ਨਕਦੋ-ਨਕਦ ਫੜੇ ਗਏ। ਫਿਰ ਉਸ ਦੇ ਕਦੀ ਇੱਕ ਘਰ ਅਤੇ ਕਦੀ ਦੂਸਰੇ ਘਰ ਛਾਪੇ ਪੈਂਦੇ ਰਹੇ ਤੇ ਉਸ ਦੇ ਘਰੋਂ ਕਰੰਸੀ ਨੋਟ ਮਿਲਣ ਦਾ ਸਿਲਸਿਲਾ ਚੱਲਦਾ ਰਿਹਾ, ਜਿਸ ਦੌਰਾਨ ਇਹ ਖਬਰ ਵੀ ਆਈ ਕਿ ਨੋਟਾਂ ਦੇ ਬੰਡਲ ਏਨੇ ਸਨ ਕਿ ਰੱਖਣ ਲਈ ਕਮਰੇ ਘੱਟ ਹੋਣ ਕਾਰਨ ਟਾਇਲੇਟ ਵਾਲੇ ਕੈਬਿਨਾਂ ਵਿੱਚ ਵੀ ਇੱਟਾਂ ਵਾਂਗ ਚਿਣਨੇ ਪਏ ਸਨ। ਅਗਲੀ ਗੱਲ ਇਹ ਕਿ ਉਨ੍ਹਾਂ ਨੂੰ ਗਿਣਨ ਦੇ ਲਈ ਸਟੇਟ ਬੈਂਕ ਆਫ ਇੰਡੀਆ ਤੋਂ ਲਿਆਂਦੀਆਂ ਮਸ਼ੀਨਾਂ ਨੇ ਜਦੋਂ ਤੱਕ ਹਿਸਾਬ ਕਰ ਕੇ ਸਾਰਾ ਲੇਖਾ ਦੱਸ ਨਹੀਂ ਸੀ ਦਿੱਤਾ, ਅਰਪਿਤਾ ਮੁਖਰਜੀ ਤੇ ਪਾਰਥ ਚੈਟਰਜੀ ਦੋਵਾਂ ਨੂੰ ਪਤਾ ਨਹੀਂ ਸੀ ਕਿ ਉਨ੍ਹਾਂ ਕੋਲ ਕੁੱਲ ਐਨੀ ਦੌਲਤ ਹੈ। ਸਾਰੇ ਲੇਖੇ-ਪੱਤੇ ਪਿੱਛੋਂ ਖਬਰ ਆਈ ਕਿ ਪੰਜਾਹ ਕਰੋੜ ਰੁਪਏ ਨਕਦੀ ਮਿਲਣ ਤੋਂ ਕੁਝ ਕੁ ਹਜ਼ਾਰਾਂ ਦੀ ਕਸਰ ਰਹਿ ਗਈ ਸੀ ਅਤੇ ਸੋਨੇ ਬਾਰੇ ਇੱਕ ਖਬਰ ਸੀ ਕਿ ਅੱਠ ਕਿੱਲੋ ਫੜਿਆ ਹੈ, ਦੂਸਰੀ ਖਬਰ ਸੀ ਕਿ ਗਿਣਤੀ ਪਿੱਛੋਂ ਅਠਾਈ ਕਿੱਲੋ ਤੋਂ ਟੱਪ ਗਿਆ ਹੈ, ਅਸਲ ਵਿੱਚ ਕਿੰਨਾ ਸੀ, ਅਜੇ ਤੱਕ ਪਤਾ ਨਹੀਂ ਲੱਗ ਸਕਿਆ। ਇਸ ਕੇਸ ਦੀ ਜਾਂਚ ਸਿਰੇ ਲੱਗਣ ਤੱਕ ਦੇ ਅੰਦਾਜ਼ੇ ਤਾਂ ਪਤਾ ਨਹੀਂ, ਪਰ ਇਹ ਪਤਾ ਲੱਗ ਗਿਆ ਹੈ ਕਿ ਭਾਰਤ ਦੇ ਆਮ ਲੋਕ ਗਰੀਬ ਕਿਉਂ ਹਨ?

ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਨੇ ਇੱਕ ਦਿਨ ਅੱਠ ਵਜੇ ਰਾਤ ਨੂੰ ਨੋਟਬੰਦੀ ਦਾ ਅਚਾਨਕ ਐਲਾਨ ਕੀਤਾ ਤਾਂ ਕਿਹਾ ਸੀ ਕਿ ਇਸ ਨਾਲ ਕਾਲਾ ਧਨ ਬਾਹਰ ਆ ਜਾਵੇਗਾ ਅਤੇ ਅੱਗੇ ਤੋਂ ਕਾਲਾ ਧਨ ਕਮਾਉਣ ਅਤੇ ਰੱਖਣ ਦਾ ਕੋਈ ਰਾਹ ਨਹੀਂ ਰਹਿ ਸਕੇਗਾ, ਪਰ ਕਾਲਾ ਧਨ ਅੱਜ ਵੀ ਕਮਾਇਆ ਤੇ ਲੁਕਾਇਆ ਜਾ ਰਿਹਾ ਹੈ। ਸੋਨੇ ਦੀ ਚਿੜੀ ਭਾਰਤ ਦੇਸ਼ ਚਾਣਕਿਆ ਵਰਗੇ ਪੁਰਾਣੇ ਨੀਤੀਵਾਨਾਂ ਦੇ ਵੇਲੇ ਵੀ ਸੀ, ਅੱਜ ਦੇ ਆਪਣੇ ਆਪ ਨੂੰ ਚਾਣਕਿਆ ਦੀ ਵੰਸ਼ ਮੰਨਣ ਵਾਲਿਆਂ ਵੇਲੇ ਵੀ ਹੈ, ਪਰ ਇਹ ਸਿਰਫ ਕੁਝ ਲੋਕਾਂ ਲਈ ਸੋਨੇ ਦੀ ਚਿੜੀ ਹੈ, ਜਿਨ੍ਹਾਂ ਨੂੰ ਆਪਣੀ ਦੌਲਤ ਦੇ ਢੇਰਾਂ ਦਾ ਖੁਦ ਨੂੰ ਪਤਾ ਨਹੀਂ, ਆਮ ਲੋਕਾਂ ਲਈ ਓਦੋਂ ਵੀ ਕੱਚੀਆਂ ਕੁੱਲੀਆਂ ਅਤੇ ਖਾਣ ਨੂੰ ਸੁੱਕੀਆਂ ਗੁੱਲੀਆਂ ਸਨ, ਅੱਜ ਵੀ ਉਹੀ ਹਨ। ਭਾਰਤ ਦਾਜਿਹੜਾ ਭਾਗ-ਵਿਧਾਤਾ ਅਸੀਂ ਲੋਕ ਰਾਸ਼ਟਰੀ ਗੀਤ ਗਾ ਕੇ ਯਾਦ ਕਰਦੇ ਹਾਂ, ਉਹ ਆਪਣੀ ਮਿਹਰ ਦੇ ਮੀਂਹ ਭਾਰਤ ਵਿੱਚਸਿਰਫ ਚੋਰਾਂ ਦੇ ਘਰਾਂ ਉੱਤੇ ਪਾਉਂਦਾ ਹੈ, ਆਮ ਲੋਕਾਂ ਦੇ ਘਰੀਂ ਪੁਰਾਤਨ ਯੁੱਗ ਵਿੱਚ ਵੀ ਸੋਕਾ ਹੀ ਹੋਇਆ ਕਰਦਾ ਸੀ, ਅੱਜ ਵੀ ਸੋਕਾ ਹੈ ਅਤੇ ਅੱਗੋਂ ਵੀ ਉਨ੍ਹਾਂ ਦੇ ਦਿਨ ਫਿਰਨ ਦੀ ਆਸ ਨਹੀਂ ਦਿੱਸਦੀ। ਉਹ ਏਨੀ ਗੱਲ ਨਾਲ ਹੀ ਬਹੁਤ ਖੁਸ਼ ਹੋ ਲੈਂਦੇ ਹਨ ਕਿ ਅੱਜ ਫਿਰ ਇੱਕ ਚੋਰ ਫੜਿਆ ਗਿਆ ਹੈ, ਜਿਸ ਕੋਲੋਂ ਮਿਲੇ ਨੋਟਾਂ ਨੂੰ ਗਿਣਨ ਲਈ ਮਸ਼ੀਨਾਂ ਲਾਉਣੀਆਂ ਪਈਆਂ ਹਨ। ਸਿਆਣੇ ਕਹਿੰਦੇ ਹਨ ਕਿ ਬਰਫ ਦਾ ਤੋਦਾ ਜਦੋਂ ਸਮੁੰਦਰ ਵਿੱਚ ਤਰਦਾ ਦਿੱਸੇ ਤਾਂ ਉਸ ਦਾ ਦਸਵਾਂ ਹਿੱਸਾ ਹੀ ਨਜ਼ਰ ਪੈਂਦਾ ਹੈ, ਬਾਕੀ ਨੱਬੇ ਫੀਸਦੀ ਡੁੱਬਿਆ ਹੁੰਦਾ ਹੈ, ਪਰ ਜਦੋਂ ਕੋਈ ਸੰਜੇ ਪੋਪਲੀ, ਕੋਈ ਪਿਊਸ਼ ਜੈਨ ਜਾਂ ਕੋਈ ਪਾਰਥ ਚੈਟਰਜੀ ਫੜਿਆ ਜਾਂਦਾ ਹੈ, ਉਸ ਨਾਲ ਇਸ ਸੋਨੇ ਦੀ ਚਿੜੀ ਦੇ ਨੋਚ-ਨੋਚ ਲੁਕਾਏ ਖੰਭਾਂ ਦੀ ਇੱਕ ਫੀਸਦੀ ਵੀ ਨਹੀਂ ਲੱਭਦੀ, ਨਿਗੂਣੀ ਜਿਹੀ ਲੱਭਤ ਵੀ ਸਾਨੂੰ ਬਹੁਤ ਵੱਡੀ ਜਾਪਣ ਲੱਗ ਪੈਂਦੀ ਹੈ। ਏਦਾਂ ਦੇ ਚੋਰਾਂ ਦੀ ਧਾੜ ਸਾਡੇ ਪੰਜਾਬ ਵਿੱਚ ਵੀ ਬਹੁਤ ਤਕੜੀ ਹੈ, ਅੱਜਕੱਲ੍ਹ ਉਹ ਲੁਕਦੀ ਤੇ ਮਾਲ ਲੁਕਾਉਂਦੀ ਫਿਰਦੀ ਸੁਣੀਂਦੀ ਹੈ, ਜਿਸ ਬਾਰੇ ਅਗਲੇ ਦਿਨਾਂ ਵਿੱਚ ਵੱਡੀਆਂ ਖਬਰਾਂ ਪੜ੍ਹਨ-ਵੇਖਣ ਨੂੰ ਮਿਲ ਜਾਣ ਤਾਂ ਹੈਰਾਨ ਹੋਣ ਦੀ ਲੋੜ ਨਹੀਂ।

# ਕੁਦਰਤ ਸੁਰੱਖਿਆ: ਸਾਡੇ ਹੱਲ ਕੁਦਰਤ ਵਿੱਚ ਹਨ

*"ਵਿਸ਼ਵ ਪ੍ਰਕਿਰਤੀ ਸੁਰੱਖਿਆ ਦਿਵਸ ਹਰ ਸਾਲ 28 ਜੁਲਾਈ ਨੂੰ ਮਨਿਆ ਜਾਂਦਾ ਹੈ ਕਿ ਇਹ ਪਛਾਣ ਜਾ ਸਕਦੀ ਹੈ ਕਿ ਇੱਕ ਸਿਹਤਮੰਦ ਵਾਤਾਵਰਣ ਇੱਕ ਸਥਿਰ ਅਤੇ ਉਤਪਾਦਕ ਸਮਾਜ ਅਤੇ ਪੀੜਾਂ ਲਈ ਇੱਕ ਨੀਵਾਂ ਹੈ। ਕੁਦਰਤ ਤੋਂ ਜੀਵਨ ਹੈ, ਜੀਵਤ ਹੈ ਤਾਂ ਮਨੁੱਖ ਹੈ, ਮਨੁੱਖਤਾ ਤੋਂ ਮਨੁੱਖਤਾ ਹੈ। ਕੁਦਰਤ ਦੀ ਰੱਖਿਆ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ। ਵਿਸ਼ਵ ਪ੍ਰਕਿਰਤੀ ਦਿਵਸ 'ਤੇ ਆਈਏ ਅਸੀਂ ਮਿਲਕਰ ਸੰਕਲਪ ਬਣਾਓ ਕਿ ਕੁਦਰਤ ਦੀ ਰੱਖਿਆ ਹੀ ਸਾਡੀ ਸਰਵਉੱਚ ਹੋਵੇਗੀ। ਪਰ ਇਹ ਕਾਨੂੰਨ ਦੀ ਪਾਬੰਦੀ ਸੰਭਵ ਨਹੀਂ ਹੈ ਇਹ ਸਾਡੇ ਅਤੇ ਤੁਹਾਡੇ ਸਮੂਹ ਦੀ ਕੋਸ਼ਿਸ਼ ਤੋਂ ਵੀ ਸੰਭਵ ਹੋ ਸਕਦਾ ਹੈ।"*

*-ਸੱਚਵਾਨ 'ਸੌਰਭ'*



ਕੁਦਰਤ ਵਿੱਚ ਕਈ ਕਿਸਮਾਂ ਦੀਆਂ ਪ੍ਰਜਾਤੀਆਂ ਇੱਕ ਪਾਰਿਸਥਿਤੀ ਪ੍ਰਣਾਲੀ ਵਿੱਚ ਕਾਰਜ ਕਰਦੀਆਂ ਹਨ। ਹਰ ਇੱਕ ਆਪਣੇ ਜੀਵਨ ਦੀ ਲੋੜ ਨੂੰ ਪੂਰਾ ਕਰਨ ਦੇ ਨਾਲ-ਨਾਲ ਵਾਤਾਵਰਣ ਦੇ ਵੱਖ-ਵੱਖ ਹੋਰ ਜੀਵਣ ਲਈ ਵੀ ਕੁਝ ਲਾਭਦਾਇਕ ਦਿੱਤਾ ਜਾ ਸਕਦਾ ਹੈ। ਵਿਸ਼ਵ ਪ੍ਰਕਿਰਤੀ ਸੁਰੱਖਿਆ ਦਿਵਸ ਹਰ ਸਾਲ 28 ਜੁਲਾਈ ਨੂੰ ਮਨਿਆ ਜਾਂਦਾ ਹੈ ਕਿ ਇਹ ਪਛਾਣ ਜਾ ਸਕਦੀ ਹੈ ਕਿ ਇੱਕ ਸਿਹਤਮੰਦ ਵਾਤਾਵਰਣ ਇੱਕ ਸਥਿਰ ਅਤੇ ਉਤਪਾਦਕ ਸਮਾਜ ਅਤੇ ਪੀੜਾਂ ਲਈ ਇੱਕ ਨੀਵਾਂ ਹੈ।

ਜੀਵ-ਜੰਤੂਆਂ ਦੇ ਊਰਜਾ ਭੰਡਾਰਨ ਅਤੇ ਵਰਤੋਂ ਦੀਆਂ ਗਤੀਵਿਧੀਆਂ, ਕੁਦਰਤੀ ਪਦਾਰਥਾਂ ਦੇ ਉਤਪਾਦ ਅਤੇ ਵਿਵਹਾਰਕਤਾ, ਪੂਰੀ ਤਰ੍ਹਾਂ ਦੀ ਸਥਿਤੀ ਪ੍ਰਣਾਲੀ ਵਿੱਚ ਪਾਣੀ ਅਤੇ ਲਾਭਦਾਇਕ ਤੱਤ ਦੇ ਚੱਕਰ, ਵਾਤਾਵਰਣ ਵਿੱਚ ਗੈਸਾਂ ਨੂੰ ਠੀਕ ਕਰਨ ਅਤੇ ਵਾਤਾਵਰਣ ਨੂੰ ਵਿਵਸਥਿਤ ਕਰਨ ਵਿੱਚ ਵੀ ਮਦਦ ਮਿਲਦੀ ਹੈ। ਇਸ ਤਰ੍ਹਾਂ, ਵੇ ਮਿੱਟੀ ਦੇ ਨਿਰਮਾਣ, ਪ੍ਰਦੂਸ਼ਨ ਨੂੰ ਘੱਟ ਕਰਨ, ਜ਼ਮੀਨ, ਜਲ ਅਤੇ ਵਾਯੂ ਸੰਸਾਧਨਾਂ ਦੀ ਸੁਰੱਖਿਆ ਵਿੱਚ ਮਦਦ ਕਰਦੇ ਹਨ। ਜੈਵ ਵਿਲਾਸ ਦੇ ਇਹ ਕਾਰਜ ਪ੍ਰਣਾਲੀ ਦੇ ਕਾਰਜਾਂ ਅਤੇ ਸਥਿਰਤਾ ਲਈ ਮਹੱਤਵਪੂਰਨ ਹਨ।

ਵੱਖੋ-ਵੱਖਰੇ ਪੌਧੇ, ਜਾਨਵਰ ਅਤੇ ਸੂਖਮ ਜੀਵ ਜੋ ਜੈਵ ਵਸਤੂਆਂ ਦਾ ਨਿਰਮਾਣ ਕਰਦੇ ਹਨ, ਸਾਡੇ ਅਨਾਜ਼, ਮੱਛੀ ਆਦਿ ਵਰਗੇ ਪਦਾਰਥ ਪ੍ਰਦਾਨ ਕਰਦੇ ਹਨ, ਸਾਡੇ ਕਪੜਿਆਂ ਲਈ ਅਜਿਹੇ ਕਪਾਸ, ਊਨ ਆਦਿ ਜੀਵਤ ਰਹਿਣ ਲਈ ਤੇਲ ਦੀ ਲੱਕੜ ਦੇ ਨਾਲ-ਨਾਲ ਨੀਮ ਵਰਗੀ ਦਵਾਵਾਂ। ਉਤਪਾਦ ਵੀ ਪ੍ਰਦਾਨ ਕਰਦੇ ਹਨ। ਜੈਵ ਵਿਸਤ੍ਰਿਤ ਅਤੇ ਇਸ ਦੇ ਨਾਲ ਹੀ ਗਲੋਬਲ ਜਲਵਾਯੂ ਨੂੰ ਕੰਟਰੋਲ ਕਰਦਾ ਹੈ, ਆਕਸੀਜਨ, ਕਾਰਗਰ ਡਾਈਆਕਸਾਇਡ ਅਤੇ ਹੋਰ ਗੈਸਾਂ ਦੇ ਕਲੋਨਿਕ ਲੈਵਲ ਦਾ ਪ੍ਰਬੰਧਨ ਕਰਦਾ ਹੈ, ਮਿੱਠੇ ਪਾਣੀ ਦੀ ਸੰਭਾਲ ਕਰਦਾ ਹੈ, ਕੁਦਰਤੀ ਸਿੰਕ ਆਦਿ ਨੂੰ ਕਾਰਜਸ਼ੀਲਤਾ ਪ੍ਰਦਾਨ ਕਰਦਾ ਹੈ। ਇਸ ਪ੍ਰਕਾਰ ਜੈਵ ਵਿਲਾਸ ਜੀਵਨ ਅਤੇ ਜੀਵਨ ਨੂੰ ਨਿਯੰਤਰਿਤ ਕਰਦਾ ਹੈ।

ਜੈਵ ਵਿਲਾਸ ਪਰਾਗਣ, ਤੱਤ ਦੇ ਚੱਕਰ ਦੇ ਨਾਲ-ਨਾਲ ਪੁਨਰਚਕ੍ਰਣ, ਗ੍ਰੀਨਹਾਉਸ ਗੈਸ ਦੀ ਕਮੀ ਵਿੱਚ ਮਦਦ ਕਰਦੀ ਹੈ। ਜੈਵ ਵਸਤੂ ਸਾਨੂੰ ਸੁੰਦਰਤਾ ਸੁਖ ਪ੍ਰਦਾਨ ਕਰਦੀ ਹੈ। ਜਲ-ਸਥਾਪਨਾ ਨੂੰ ਉਤਸ਼ਾਹਿਤ ਕਰਨਾ। ਕਈ ਸਮੁਦਾਇਆਂ ਅਤੇ ਸਭਿਆਚਾਰਾਂ ਦੁਆਰਾ ਜੈਵਿਕ ਰੂਪ ਤੋਂ ਵਿਭਿੰਨਤਾ ਦੁਆਰਾ ਪ੍ਰਦਾਨ ਕੀਤੀ ਗਈ ਪਰਿਵੇਸ਼ ਅਤੇ ਸੰਸਾਧਨਾਂ ਦੇ ਨਾਲ ਸਹਿ-ਵਿਕਸਿਤ ਕੀਤਾ ਗਿਆ ਹੈ। ਇਸ ਲਈ, ਇਹ ਇੱਕ ਮਹੱਤਵਪੂਰਨ ਸਮਾਜਿਕ ਭੂਮਿਕਾ ਵੀ ਨਿਭਾਤਾ ਹੈ। ਜੈਵ ਵਿਤਰਣ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਮਹੱਤਵਪੂਰਨ ਸੇਵਾਵਾਂ: ਮਨੋਰੰਜਨ ਅਤੇ ਆਰਾਮ, ਵਿਸ਼ੇਸ਼ ਤੌਰ 'ਤੇ ਪਾਰਸਥਿਤਿਕੀ ਯਾਤਰਾ, ਕਲਾ, ਡਿਜ਼ਾਈਨ ਅਤੇ ਉਤਸ਼ਾਹ ਆਤਮਿਕ ਅਨੁਭਵ।

ਜੈਵ ਵਿਲਾਇ ਭੋਜਨ ਜਾਲ ਬਣਾਉਣ ਵਿਚ ਮਦਦ ਕਰਦਾ ਹੈ। ਇਸ ਲਈ, ਹਰ ਪ੍ਰਜਾਤੀ ਦੇ ਜੀਵਤ ਰਹਿਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਇਸ ਦੇ ਨਤੀਜੇ ਵਜੋਂ ਵਧੇਰੇ ਸਥਿਰ ਭੋਜਨ ਲੜੀ ਅਤੇ ਭੋਜਨ ਜਾਲੇ ਬਣਦੇ ਹਨ। ਜੈਵ ਵਿਗਿਆਨੀ ਖੋਜ, ਸਿੱਖਿਆ ਅਤੇ ਨਿਗਰਾਨੀ ਵਿੱਚ ਮਦਦ ਕਰਦੀ ਹੈ। ਜੈਵ ਵੰਡ, ਇਸ ਪ੍ਰਕਾਰ, ਜੀਵਨ ਦੇ ਕਾਰਜਕਾਰੀ ਅਤੇ ਭੂਮਿਕਾ ਨੂੰ ਸਮਝਾਉਣ ਵਿੱਚ ਮਦਦ ਕਰਦੀ ਹੈ ਜੋ ਹਰ ਕੁਦਰਤੀ ਪਾਰਿਸਥਿਤੀ ਪ੍ਰਣਾਲੀ ਨੂੰ ਨਿਭਾਤੀ ਵਿੱਚ ਰੱਖਣ ਵਿੱਚ ਅਸੀਂ ਮਨੁੱਖ ਦਾ ਇੱਕ ਹਿੱਸਾ ਬਣਾਉਂਦੇ ਹਾਂ।

ਵਿਸ਼ੇਸ਼ ਤੌਰ 'ਤੇ, ਕੁਦਰਤੀ ਪਰਿਸਥਿਤੀ ਪ੍ਰਣਾਲੀ ਦਾ ਫਲਸਰੂਪ ਜ਼ਮੀਨ ਵਿੱਚ ਪਰਿਵਰਤਨ, ਰੇਲਗੱਡੀ ਅਤੇ ਸੜਕ ਵਰਗੀ ਢਾਂਚਿਆਂ ਦਾ ਵਿਕਾਸ, ਸ਼ਹਿਰੀਕਰਨ ਅਤੇ ਖਨਨ ਕਾਰਜਾਂ ਵਿੱਚ ਵਾਧਾ ਹੁੰਦਾ ਹੈ ਜਿਸ ਨਾਲ ਨਿਵਾਸ ਸਥਾਨਾਂ ਨੂੰ ਨੁਕਸਾਨ ਹੁੰਦਾ ਹੈ ਅਤੇ ਵਿਖੰਡਨ ਭੂਮੀ ਦੀ ਵਰਤੋਂ ਨਾਲ ਜੀਵਨ ਵਿੱਚ ਤਬਦੀਲੀ ਹੁੰਦੀ ਹੈ। ਲਿਵਿੰਗ ਪਲੈਨੇਟ ਦੀ ਰਿਪੋਰਟ ਦੇ ਅਨੁਸਾਰ, ਪਿਛਲੇ 40 ਸਾਲਾਂ ਵਿੱਚ ਲਗਭਗ 50% ਉਸ਼ਣਕਤਿਬੰਧੀ ਅਤੇ ਉਪੋਸ਼ਣਕਤਿਬੰਧੀ ਵਣ ਅਤੇ 45% ਸਮਸ਼ੀਤੋ ਸ਼ਣ ਘਾਸ ਦੇ ਮੈਦਾਨਾਂ ਦੇ ਮਨੁੱਖੀ ਉਪਯੋਗਾਂ ਲਈ ਸੰਚਾਲਨ ਕੀਤਾ ਗਿਆ ਹੈ। ਕੁਝ ਨੁਕਸਾਨ ਤੋਂ ਇਲਾਵਾ, ਪ੍ਰਦੂਸ਼ਣ ਤੋਂ ਕਈ ਆਵਾਸਾਂ ਦਾ ਸ਼ਕਿਰ ਵੀ ਕਈ ਕਿਸਮਾਂ ਦੀ ਹੋਂਦ ਨੂੰ ਖਤਰੇ ਵਿੱਚ ਪਾਉਣਾ ਹੈ।

ਵਧੇਰੇ ਸ਼ਕਿਰ ਜਾਂ ਨਸਲਾਂ ਦਾ ਗਲਤ ਸ਼ਕਿਰ, ਪੌਧ ਦੇ ਉਤਪਾਦ ਦੀ ਵਧੇਰੇਤਾ ਅਤੇ ਵਧੇਰੇ ਕੱਟਾਈ ਤੋਂ ਜੈਵ ਵਿਲਾਇਤੀ ਵਿੱਚ ਤੇਜ਼ੀ ਨਾਲ ਘਟਾਓ ਆ ਸਕਦਾ ਹੈ। ਮਨੁੱਖ ਦੇ ਬਦਲੇ ਉਪਭੋਗ ਰੂਪ ਨੂੰ ਅਕਸਰ ਕੁਦਰਤੀ ਸਰੋਤ ਇਸ ਦੋਹਨ ਦੇ ਪ੍ਰਮੁੱਖ ਦੇ ਰੂਪ ਵਿੱਚ ਉਭਾਰਦੇ ਹਨ। ਕਈ ਪ੍ਰਜਾਤੀਆਂ ਜੋ ਪਿਛਲੀ 5 ਸ਼ਤਾਬਦੀਨਾਂ ਵਿੱਚ ਵਿਲੁਪਤ ਹੋ ਗਈਆਂ, ਜਿਵੇਂ ਸਟੇਰ ਦੀ ਸਮੁੰਦਰੀ , , - । ਇਸੇ ਤਰ੍ਹਾਂ ਪ੍ਰਦੂਸ਼ਣ ਤੋਂ ਜਾਨਵਰਾਂ ਦੀ ਮੌਤ ਹੁੰਦੀ ਹੈ। ਇਸ ਦੇ ਨਾਲ, ਉਦਯੋਗਾਂ ਅਤੇ ਵਾਹਨਾਂ ਦੇ ਪ੍ਰਦੂਸ਼ਣ ਕਾਰਨ ਸ਼ਹਿਰੀ ਲੋਕਾਂ ਵਿੱਚ ਕਈ ਪੰਛੀਆਂ ਦੀ ਮੌਤ ਹੁੰਦੀ ਹੈ।

ਜੰਗਲੀ ਜੀਵਨ, ਪੌਧੇ ਅਤੇ ਪਸ਼ੂ ਸੰਸਾਧਨਾਂ ਅਤੇ ਖੇਤਰ ਵਿੱਚ ਰਹਿਣ ਵਾਲੇ ਆਦਿਵਾਸੀਆਂ ਦੇ ਰਵਾਇਤੀ ਜੀਵਨ ਦੀ ਸੁਰੱਖਿਆ ਲਈ ਸੁਰੱਖਿਅਤ ਭੂਮੀ ਦੇ ਵੱਡੇ ਖੇਤਰ ਰਾਸ਼ਟਰੀ ਬਗੀਚੇ ਅਤੇ ਜੰਗਲੀ ਜੀਵ ਅਭਿਆਨੀਆਂ ਹੋ ਸਕਦੀਆਂ ਹਨ। ਭਾਰਤ ਦੇ ਆਦਿਵਾਸੀਆਂ ਨੇ ਵਨਸਪਤੀਆਂ ਅਤੇ ਜੀਵ-ਜੰਤੂਆਂ ਦੀ ਸੁਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਆਦਿਵਾਸੀਆਂ ਨੇ ਪਵਿੱਤਰ ਉਪਵਨ ਵਿੱਚ ਵਨਸਪਤੀਆਂ ਅਤੇ ਜੀਵ-ਜੰਤੂਆਂ ਦੀ ਰੱਖਿਆ ਕੀਤੀ ਹੈ। , । ਸਰਕਾਰ ਦੇ ਖੇਤਰ ਵਿੱਚ ਆਪਣੇ ਕਿਸੇ ਵੀ ਏਜੇਂਸੀ ਅਤੇ ਇਨ ਵਨ ਉੱਤੇ ਮੌਜੂਦ ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਉਨ੍ਹਾਂ ਨੂੰ ਦੇਸ਼ ਵਿੱਚ ਹਰ ਸਮਾਨ ਨਾਗਰਿਕਾਂ ਨੂੰ ਜਾਣਾ ਚਾਹੀਦਾ ਹੈ।

ਅੱਜ ਦੀ ਵਿਸ਼ਵ-ਵਿਆਪੀ ਸੰਸਾਰ ਵਿੱਚ ਜੀਵਨ ਅਤੇ ਕੁਦਰਤ ਦੀ ਸੁਰੱਖਿਆ ਨੇ ਵਧੇਰੇ ਮਹੱਤਵ ਗ੍ਰਹਿਣ ਕਰ ਲਿਆ ਹੈ। ਹੋਰਾਂ ਦੇ ਜੀਵਨ ਦੀ ਦੇਖਭਾਲ ਅਤੇ ਕੁਦਰਤ ਲਈ ਸਹਨੁਭੂਤ ਸਾਨੂੰ ਮਾਨਸਿਕ ਰੂਪ ਨਾਲ ਸਾਡੀ ਕੁਦਰਤ ਦੇ ਨਾਲ ਜੋੜਿਆ ਗਿਆ ਹੈ ਜੋ ਸਾਨੂੰ ਉਪਭੋਗ ਦੇ ਲਾਲਚ ਤੋਂ ਛੁਟਕਾਰਾ ਪ੍ਰਦਾਨ ਕਰਦਾ ਹੈ ਜਿਸਨੇ ਸਾਡੇ ਵਾਤਾਵਰਣ ਨੂੰ ਨਸ਼ਟ ਕਰ ਦਿੱਤਾ ਹੈ। ਵਿਕਸਿਤ ਰਾਸ਼ਟਰ ਇਸ ਤੋਂ ਅਵਗਤ ਹੈ ਕਿ ਵਿਕਾਸ ਕੁਦਰਤ ਜਾਂ ਹੋਰ ਵਿਕਾਸਸ਼ੀਲ ਦੇਸ਼ਾਂ ਦੀ ਕੀਮਤ ਨਹੀਂ ਹੋ ਸਕਦੀ। ਸੁਰੱਖਿਆ 'ਤੇ ਜਨਤਕ ਕਰੁਣਾ ਨੂੰ ਮਜ਼ਬੂਤ ਕਰਨ ਲਈ ਪ੍ਰੇਰਣਾ ਨਾਲ ਤਾਲਮੇਲ ਹੋ ਸਕਦਾ ਹੈ।

ਧਰਤੀ ਦੇ ਕੁਦਰਤੀ ਸੰਸਾਧਨਾਂ ਵਿੱਚ ਹਵਾ, ਪਾਣੀ, ਮਿੱਟੀ, ਖਾਧ ਪਦਾਰਥ, ਪੌਧੇ ਅਤੇ ਜਾਨਵਰ ਸ਼ਾਮਲ ਹਨ। ਇਨ ਸੰਸਾਧਨਾਂ ਦੀ ਦੇਖ-ਭਾਲ ਕਰਨਾ ਅਤੇ ਇਨਕਾ ਹੋਰ ਉਪਯੋਗ ਕਰਨਾ ਹੀ ਕੁਦਰਤ ਦਾ ਬਚਾਅ ਹੈ ਤਾਂ ਜੋ ਸਾਰੇ ਜੀਵਿਤ ਭਵਿੱਖ ਵਿੱਚ ਉਨ੍ਹਾਂ ਦੁਆਰਾ ਲਾਭ ਪਹੁੰਚਾਇਆ ਜਾ ਸਕੇ। ਕੁਦਰਤੀ, ਸੰਸਾਧਨ ਅਤੇ ਵਾਤਾਵਰਣ ਸਾਡੇ ਜੀਵਨ ਅਤੇ ਹੋਂਦ ਦੇ ਆਧਾਰ ਹਨ। ਕੁਦਰਤਿ ਤੋਂ ਜੀਵਨ ਹੈ, ਜੀਵਤ ਹੈ ਤਾਂ ਮਨੁੱਖ ਹੈ, ਮਨੁੱਖਤਾ ਤੋਂ ਮਨੁੱਖਤਾ ਹੈ। ਕੁਦਰਤ ਦੀ ਰੱਖਿਆ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ। ਹਮ ਵੱਡੀ ਕਿਸਮਤ ਵਾਲੇ ਹਨ ਕਿ ਸਾਡੇ ਸਬੰਧ ਬ੍ਰਹਿਮੰਡ ਦੇ ਉਸ ਸਭ ਤੋਂ ਅਨੋਖੇ ਗ੍ਰਹਿ ਤੋਂ ਹੈ ਜਿਸ ਵਿੱਚ ਜੀਵਨ ਹੈ।

ਪਰ ਸਾਡੀ ਸਦਾ ਲਈ ਕੇਵਲ ਮਨੁੱਖ ਹੀ ਨਹੀਂ ਹੈ, ਸਾਰੇ ਜੀਵ ਇਸ ਗੰਭੀਰ ਸੰਕਟ ਵਿੱਚ ਮੌਜੂਦ ਹਨ। ਅਸੀਂ ਵੀ ਕਹਿ ਸਕਦੇ ਹਾਂ ਕਿ ਸਾਡਾ ਇਹ ਸਭ ਤੋਂ ਵੱਡਾ ਅਨੋਖੇ ਗ੍ਰਹਿ 'ਤੇ ਜੀਵਤ ਦਾ ਜੀਵਨ ਪੈਦਾ ਹੋਇਆ ਹੈ। ਵਿਸ਼ਵ ਪ੍ਰਕਿਰਤੀ ਦਿਵਸ 'ਤੇ ਆਈਏ ਅਸੀਂ ਮਿਲਕਰ ਸੰਕਲਪ ਬਣਾਓ ਕਿ ਕੁਦਰਤ ਦੀ ਰੱਖਿਆ ਹੀ ਸਾਡੀ ਸਰਵਉੱਚ ਹੋਵੇਗੀ। ਪਰ ਇਹ ਕਾਨੂੰਨ ਦੀ ਪਾਬੰਦੀ ਸੰਭਵ ਨਹੀਂ ਹੈ ਇਹ ਸਾਡੇ ਅਤੇ ਤੁਹਾਡੇ ਸਮੂਹ ਦੀ ਕੋਸ਼ਿਸ਼ ਤੋਂ ਵੀ ਸੰਭਵ ਹੋ ਸਕਦਾ ਹੈ।

*- ਸੱਚਵਾਨ 'ਸੌਰਭ',*
*ਰਿਸਰਚ ਸਕੌਰ, ਕਵਿ, ਪੱਤਰਕਾਰ*
*33, ਪਰੀ ਵਾਟਿਕਾ, ਕਲਾ ਭਵਨ,*
*ਬੜਵਾ (ਸਿਵਾਨੀ) ਭਿਵਾਨੀ,*
*ਹਰਿਆਣਾ*
*ਮੋਬਾਈਲ :*
*9466526148*

# ਰੁੱਖ ਵੱਢ ਕੇ ਕਿਵੇਂ ਸੰਭਾਲੀਏ ਮੀਂਹ!

-ਗੁਰਸ਼ਰਨ ਕੌਰ-

ਰੋਜ਼ੀ-ਰੋਟੀ ਦੇ ਸਿਲਸਿਲੇ ਵਿੱਚ ਦੇਸ਼ ਦੇ ਦੱਖਣੀ ਸਿਰੇ ਉੱਤੇ ਸਮੁੰਦਰੀ ਕੰਢੇ ਉੱਤੇਦੇ ਸ਼ਹਿਰ ਵਿੱਚ ਵਸਦੇ ਵੱਡੇ ਬੇਟੇ ਦਾ ਰੋਜ਼ ਲਗਭਗ ਸ਼ਾਮ ਨੂੰ ਫੋਨ ਆਉਂਦਾ ਹੈ। ਡਿਊਟੀ ਤੋਂ ਵਿਹਲਾ ਹੋ ਕੇ ਉਹ ਫੋਨ ਕਰਦਾ ਹੈ। ਬੀਤੇ ਦਿਨ ਸਤਿ ਸ੍ਰੀ ਅਕਾਲ ਤੋਂ ਬਾਅਦ ਪੰਜਾਬ ਦੇ ਮੌਸਮ ਬਾਰੇ ਪੁੱਛਣ ਲੱਗਾ। ਅਸੀਂ ਕਿਹਾ ਕਿ ਇੱਥੇ ਅੰਤ ਦੀ ਗਰਮੀ ਹੈ। ਉਸ ਨੇ ਦੱਸਿਆ ਕਿ ਇੱਥੇ ਇੱਕ ਹਫਤੇ ਤੋਂ ਮੀਂਹ ਪੈ ਰਿਹਾ ਹੈ ਤੇ ਮੌਸਮ ਵਿਭਾਗ ਨੇ ਕੱਲ੍ਹ ਫਿਰ ਭਾਰੀ ਮੀਂਹ ਦੀ ਚਿਤਾਵਨੀ ਦਿੱਤੀ ਹੈ।

ਅਸੀਂ ਕਿਹਾ ਕਿ ਕੁਝ ਮੀਂਹ ਪੰਜਾਬ ਵੱਲ ਭੇਜ ਦਿਉ। ਉਹ ਹੱਸ ਕੇ ਕਹਿੰਦਾ, "ਤੁਹਾਡੇ ਨਾਲ ਇੰਦਰ ਦੇਵਤਾ ਰੁੱਸ ਗਿਆ ਲੱਗਦਾ ਹੈ, ਇੱਥੇ ਮੌਸਮ ਖੁਸ਼ਗਵਾਰ ਹੈ, ਇੱਥੇ ਆ ਜਾਓ।" ਕੁਝ ਸਮਾਂ ਗੱਲਾਂ ਕਰ ਕੇ ਫੋਨ ਬੰਦ ਕਰ ਦਿੱਤਾ, ਪਰ ਮਨ ਸੱਚਮੁੱਚ ਅਸ਼ਾਂਤ ਹੋ ਗਿਆ। ਸੋਚਿਆ ਕਿ ਇੱਕ ਨਹੀਂ, ਸਾਡੇ ਨਾਲ ਤਾਂ ਬਹੁਤ ਸਾਰੇ ਦੇਵਤੇ ਰੁੱਸ ਗਏ ਹਨ, ਮੀਂਹ ਨੂੰ ਤਰਸਦੇ ਹਾਂ।ਪਾਣੀ ਦੀ ਤੋਟ ਕਰ ਕੇ ਪੰਜ ਦਰਿਆਵਾਂ ਦੀ ਧਰਤੀ ਉੱਤੇ ਡਾਰਕ ਜ਼ੋਨ ਬਣ ਗਏ ਹਨ, ਬਾਕੀ ਫੈਕਟਰੀਆਂ ਨੇ ਪ੍ਰਦੂਸ਼ਿਤ ਕਰ ਦਿੱਤਾ ਹੈ। ਮੁੱਕਦੀ ਗੱਲ ਇਹ ਕਿ ਧਰਤੀ ਹੇਠਲਾ ਪਾਣੀ ਖਤਮ ਹੋਣ ਕੰਢੇ ਹੈ। ਇਉਂ ਜਾਪਦਾ ਹੈ ਜਿਵੇਂ ਅਸੀਂ ਕਿਸੇ ਜਵਾਲਾਮੁਖੀ ਉਪਰ ਬੈਠੇ ਹੋਈਏ, ਕਿਉਂਕਿ ਧਰਤੀ ਦੀ ਅੰਦਰੂਨੀ ਸਤ੍ਹਾ ਅਜੇ ਵੀ ਬਹੁਤ ਗਰਮ ਹੈ। ਕਦੇ ਵੀ ਕੁਝ ਵਾਪਰ ਸਕਦਾ ਹੈ। ਕੁਦਰਤ ਆਪਣੇ ਨਾਲ ਹੋਈ ਛੇੜਛਾੜ ਨੂੰ ਕਦੇ ਬਰਦਾਸ਼ਤ ਨਹੀਂ ਕਰਦੀ ਅਤੇ ਉਸ ਦਾ ਬਦਲਾ ਲੈਣ ਦਾ ਆਪਣਾ ਹੀ ਢੰਗ ਹੈ। ਪੰਜਾਬ ਦੀ ਹਵਾ ਤਰ੍ਹਾਂ-ਤਰ੍ਹਾਂ ਦੇ ਉਡਦੇ ਧੂੰਏਂ ਨਾਲ ਧੁਆਂਖੀ ਗਈ ਹੈ। ਜ਼ਹਿਰੀਲੀ ਹਵਾ ਵਿੱਚ ਸਾਹ ਲੈਣ ਨਾਲ ਛੋਟੇ ਬੱਚੇ ਵੀ ਸਾਹ ਨਾਲ ਸੰਬੰਧਤ ਬਿਮਾਰੀਆਂ ਤੋਂ ਪੀੜਤ ਹੋ ਗਏ ਹਨ। ਇਹ ਸਭ ਕੁਝ ਮਨੁੱਖ ਦਾ ਕੀਤਾ ਕਰਾਇਆ ਹੈ। ਆਪਣੇ ਛੋਟੇ-ਛੋਟੇ ਫਾਇਦਿਆਂ ਖਾਤਰ ਅਸੀਂ ਕੁਦਰਤ ਨਾਲ ਖਿਲਵਾੜ ਕਰ ਰਹੇ ਹਾਂ। ਕੁਦਰਤ ਦੇ ਮੁਫਤ ਵਿੱਚ ਵੰਡੇ ਅਨਮੋਲ ਤੋਹਫਿਆਂ ਦਾ ਅਸੀਂ ਸ਼ੁਕਰਾਨਾ ਕੀ ਕਰਨਾ ਸੀ, ਸਗੋਂ ਉਨ੍ਹਾਂ ਦੀ ਦੁਰਵਰਤੋਂ ਕਰ ਕੇ ਦੋਸ਼ੀ ਬਣ ਗਏ ਹਾਂ। ਇਸ ਤਰ੍ਹਾਂ ਮਗਜ਼ਖਪਾਈ ਕਰਦਿਆਂ ਨੂੰ ਨੀਂਦ ਨੇ ਦਬੋਚ ਲਿਆ।

ਸਵੇਰ ਵੇਲੇ ਵਿਦੇਸ਼ ਰਹਿੰਦੇ ਛੋਟੇ ਬੇਟੇ ਨਾਲ ਫੋਨ ਉੱਤੇ ਗੱਲ ਹੁੰਦੀ ਹੈ। ਉਥੇ ਇਸ ਸਮੇਂ ਸ਼ਾਮ ਹੁੰਦੀ ਹੈ ਅਤੇ ਉਹ ਵੀ ਜੌਬ ਤੋਂ ਆ ਕੇ ਸਾਨੂੰ ਫੋਨ ਰੋਜ਼ ਕਰਦਾ ਹੈ। ਉਹ ਵੀ ਸਾਡੀ ਸੁੱਖ ਸਾਂਦ ਪੁੱਛਦਿਆਂ ਪੰਜਾਬ ਦੇ ਮੌਸਮ ਬਾਰੇ ਪੁੱਛਦਾ ਹੈ। ਇੱਕ ਗੱਲ ਹੈ ਕਿ ਅਸੀਂ ਪੰਜਾਬੀ ਕਿਤੇ ਮਰਜ਼ੀ ਰਹੀਏ, ਗੱਲ ਸਾਡੀ ਪੰਜਾਬ ਤੋਂ ਸ਼ੁਰੂ ਹੋ ਕੇ ਪੰਜਾਬ ਉੱਤੇ ਹੀ ਮੁੱਕਦੀ ਹੈ। ਅਸੀਂ ਸਾਰੇ ਪੰਜਾਬ ਦੀ ਰੰਗਲੀ ਧਰਤੀ ਨਾਲ ਜੁੜੇ ਹੋਏ ਹਾਂ।

ਗੁਰੂਆਂ, ਪੀਰਾਂ, ਫਕੀਰਾਂ ਦੀ ਵਰੋਸਾਈ ਇਹ ਜਰਖੇਜ਼ ਧਰਤੀ ਜਿੱਥੇ ਸੋਨਾ ਉਗਲਦੀ ਹੈ, ਉਥੇ ਅੰਤਾਂ ਦੀ ਮੋਹ-ਭਿਜੀ ਵੀ ਹੈ। ਮੈਂ ਹੀ ਨਹੀਂ, ਸਾਰੇ ਲੋਕ ਇਉਂ ਕਹਿੰਦੇ ਹਨ। ਮੈਂ ਇਸ ਵਰਤਾਰੇ ਨੂੰ ਦੇਸ਼ ਭਗਤੀ ਦਾ ਨਾਂ ਦਿੰਦੀ ਹਾਂ। ਕਈ ਦਿਨਾਂ ਤੋਂ ਰੋਜ਼ ਵਾਂਗ ਮੈਂ ਬੇਟੇ ਨੂੰ ਕਹਿੰਦੀ ਹਾਂ, "ਗਰਮੀ, ਗਰਮੀ ਤੇ ਬੱਸ ਗਰਮੀ।" ਅਸੀਂ ਉਸ ਦੇ ਸ਼ਹਿਰ ਦਾ ਮੌਸਮ ਵੀ ਪੁੱਛਦੇ ਹਾਂ ਤਾਂ ਉਹ ਵਧੀਆ ਦੱਸ ਕੇ ਕਹਿ ਦਿੰਦਾ ਹੈ, "ਮੀਂਹ ਪੈ ਰਿਹਾ ਹੈ।" ਉਹ ਉਥੇ ਆਉਣ ਲਈ ਪ੍ਰੇਰਦਾ ਹੈ। ਉਸ ਨਾਲ ਗੱਲਬਾਤ ਨਿਬੇੜ ਕੇ ਫੋਨ ਬੰਦ ਕਰਦੀ ਹਾਂ।

ਮਨ ਸੋਚੀਂ ਪੈ ਜਾਂਦਾ ਹੈ ਕਿ ਕੋਈ ਮੌਸਮਾਂ ਖਾਤਰ ਆਪਣੀ ਜਨਮ ਭੋਇੰ ਭਲਾ ਕਿਵੇਂ ਛੱਡ ਸਕਦਾ ਹੈ? ਕਿਵੇਂ ਕੋਈ ਪੰਜਾਬ ਵਰਗੀ ਪਿਆਰੀ ਤੇ ਸੁਪਨਮਈ ਮਾਤਭੂਮੀ ਨੂੰ ਤਪਦੀ ਛੱਡ ਕੇ ਬਾਹਰ ਨਿਕਲ ਸਕਦਾ ਹੈ। ਮੈਨੂੰ ਅੱਗ ਵਿੱਚ ਸੜਦੇ ਰੁੱਖ ਉਪਰ ਆਲ੍ਹਣੇ ਵਿੱਚ ਬੈਠੇ ਪੰਛੀ ਦੀ ਗਾਥਾ ਯਾਦ ਹੈ, ਜੋ ਆਪਣੇ ਖੰਭਾਂ ਦੇ ਹੁੰਦਿਆਂ ਵੀ ਰੁੱਖ ਮੱਚਦਾ ਛੱਡ ਕੇ ਨਹੀਂ ਉਡਦਾ, ਸਗੋਂ ਆਪਣੇ ਆਲ੍ਹਣੇ ਵਿੱਚ ਸੜਨ ਨੂੰ ਤਰਜੀਹ ਦਿੰਦਾ ਹੈ। ਆਪਾਂ ਤਾਂ ਫਿਰ ਵੀ ਸੂਝਬੂਝ ਰੱਖਣ ਵਾਲੇ ਸਮਝਦਾਰ ਇਨਸਾਨ ਹਾਂ। ਬੱਚਿਆਂ ਨੂੰ ਰੁਜ਼ਗਾਰ ਦੀ ਖਾਤਰ ਮਜਬੂਰੀਵੱਸ ਬਾਹਰ ਰਹਿਣਾ ਪੈਂਦਾ ਹੈ। ਅਸੀਂ ਇਹ ਗੱਲ ਵੀ ਭਲੀਭਾਂਤ ਜਾਣਦੇ ਹਾਂ ਕਿ ਇਸ ਰੰਗਲੀ ਧਰਤ ਨੂੰ ਬੰਜਰ ਬਣਨ ਵੱਲ ਇਸ ਦੇ ਬਾਸ਼ਿੰਦਿਆਂ ਨੇ ਹੀ ਤੋਰਿਆ ਹੈ। ਅਸੀਂ ਆਪ ਹੀ ਇਸ ਦੀ ਦੁਰਦਸ਼ਾ ਦੇ ਜ਼ਿੰਮੇਵਾਰ ਹਾਂ।

ਸੜਕਾਂ ਚਹੁੰ-ਮਾਰਗੀ ਕਰਨ ਲਈ ਰੁੱਖ ਪੁੱਟ ਸੁੱਟੇ, ਲਾਉਣ ਦੀ ਜ਼ਿੰਮੇਵਾਰੀ ਕਿਸਦੀ ਸੀ, ਅਸੀਂ ਕੀ ਲੈਣਾ? ਛੋਟੇ ਹੁੰਦਿਆਂ ਤੋਂ ਪੜ੍ਹਦੇ ਤੇ ਪੜ੍ਹਾਉਂਦੇ ਆਏ ਹਾਂ ਕਿ ਸ਼ੇਰ ਸ਼ਾਹ ਸੂਰੀ ਨੇ ਗ੍ਰੈਂਡ ਟਰੰਕ ਰੋਡ ਬਣਵਾਈ ਅਤੇ ਆਲੇ ਦੁਆਲੇ ਪੌਦੇ ਲਗਵਾਏ, ਪਾਣੀ ਲਈ ਖੂਹ ਖੁਦਵਾਏ ਜਿਨ੍ਹਾਂ ਵਿੱਚੋਂ ਕੁਝ ਅਜੇ ਵੀ ਹਨ, ਪਰ ਅਸੀਂ ਉਹ ਰੁੱਖ ਜੜ੍ਹੋਂ ਪੁੱਟ ਸੁੱਟੇ ਹਨ।

ਦੂਰ-ਦੂਰ ਤੱਕ ਬਿਨਾਂ ਰੁੱਖਾਂ ਤੋਂ ਸੜਕਾਂ ਦੇ ਕਿਨਾਰੇ ਸੁੰਨ ਮਸੁੰਨੇ ਤੇ ਬੇਆਸਰੇ ਜਾਪਦੇ ਹਨ। ਇਹ ਗੱਲ ਸਾਰਿਆਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਰੁੱਖ ਕਾਰਬਨ ਡਾਈਆਕਸਾਈਡ ਜਜ਼ਬ ਕਰ ਕੇ ਆਕਸੀਜਨ ਸਾਨੂੰ ਦੇਂਦੇ ਹਨ। ਵਿਕਾਸ ਦੇ ਨਾਂਅ ਉੱਤੇ, ਨਿੱਜੀ ਮੁਫਾਦਾਂ ਲਈ, ਫੋਕੀ ਸ਼ੋਹਰਤ ਖੱਟਣ ਲਈ ਤੇ ਅਮੀਰ ਬਣਨ ਦੀ ਹੋੜ ਵਿੱਚ ਅੰਨ੍ਹੇ ਹੋਏ ਲੋਕ ਪੰਜਾਬ ਨੂੰ ਦਾਅ ਉੱਤੇ ਲਾ ਰਹੇ ਹਨ। ਨਾਜਾਇਜ਼ ਖੁਦਾਈ ਕਰ ਕੇ ਪਹਾੜੀਆਂ ਤੱਕ ਖੁਰਚ ਦਿੱਤੀਆਂ ਹਨ। ਬਾਕੀ ਰਹਿੰਦੀਆਂ ਡਾਇਨਾਮਾਈਟ ਵਰਤ ਕੇ ਉਡਾ ਦਿੱਤੀਆਂ ਹਨ। ਬਾਰਿਸ਼ ਦੀ ਰੁੱਤ ਵਿੱਚ ਰੋਜ਼ ਪਹਾੜਾਂ ਦੇ ਖਿਸਕਣ ਕਾਰਨ ਅਣਮੁੱਲੀਆਂ ਮਨੁੱਖੀ ਜਾਨਾਂ ਜਾਂਦੀਆਂ ਹਨ, ਪਰ ਅਸੀਂ ਅੱਖਾਂ ਮੀਚੀਆਂ ਹੋਈਆਂ ਹਨ। ਪਾਣੀ ਵਿੱਚ ਜ਼ਹਿਰ ਘੁੱਲ ਗਈ ਹੈ, ਦਰਿਆਵਾਂ ਦੇ ਪਾਣੀਆਂ ਨੂੰ ਫੈਕਟਰੀਆਂ ਪ੍ਰਦੂਸ਼ਿਤ ਕਰ ਰਹੀਆਂ ਹਨ। ਸਤਲੁਜ ਦਰਿਆਦਾ ਗੰਧਲਾ ਪਾਣੀ ਦੇਖ ਕੇ ਅਸੀਂ ਨਹੀਂ ਸੋਚਦੇ ਕਿ ਇਹ ਪਾਣੀ ਬਹੁਤ ਸਾਰੇ ਲੋਕਾਂ ਦੀ, ਜ਼ਮੀਨਾਂ ਦੀ ਜ਼ਿੰਦਗੀ ਹੈ।ਬੁੱਢਾ ਨਾਲਾ ਗੰਦਾ ਨਾਲਾ ਬਣ ਚੁੱਕਾ ਹੈ। ਸੰਤ ਸੀਚੇਵਾਲ ਵਰਗੇ ਨੇਕਦਿਲ ਇਨਸਾਨ ਕਾਲੀ ਵੇਈਂ ਸਾਫ ਕਰਾਉਂਦੇ ਹਨ, ਪਰ ਸੁਣਿਆ ਹੈ ਕਿ ਅਜੇ ਵੀ ਉਸ ਵਿੱਚ ਪ੍ਰਦੂਸ਼ਿਤ ਪਾਣੀ ਪੈਂਦਾ ਹੈ। ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗਾਂ ਲਾ ਕੇ ਧਰਤੀ ਸਾੜ ਦਿੱਤੀ ਹੈ, ਚਾਹ ਚੁਫੇਰੇ ਪਸਰੇ ਹਨੇਰੇ ਵਿੱਚ ਮਾਸੂਮ ਲੋਕ ਆਪਣੀ ਜਾਨ ਤੋਂ ਹੱਥ ਧੋ ਲੈਂਦੇ ਹਨ। ਪਿੱਛੇ ਜਿਹੇ ਦੋ ਹਿਰਦੇਵੇਧਕ ਘਟਨਾਵਾਂ ਰਾਜ ਵਿੱਚ ਵਾਪਰੀਆਂ ਹਨ।

ਪਰਾਲੀ ਨੂੰ ਲਾਈ ਅੱਗ ਵਿੱਚ ਇੱਕ ਮਾਸੂਮ ਬੱਚੀ ਸੜ ਕੇ ਮਾਰੀ ਗਈ ਅਤੇ ਦੂਜੀ ਘਟਨਾ ਵਿੱਚ ਇੱਕ ਪਤੀ ਅਤੇ ਉਸ ਦੀ ਗਰਭਵਤੀ ਪਤਨੀ ਝੁਲਸ ਗਏ। ਸਾਡੇ ਮਿੱਤਰ ਪੰਛੀ ਅਤੇ ਕੀੜੇ-ਮਕੌੜੇ ਵੀ ਵੱਡੇ ਪੱਧਰ ਉੱਤੇ ਇਸ ਦਾ ਸ਼ਿਕਾਰ ਬਣਦੇ ਹਨ। ਪਤਾ ਨਹੀਂ ਸਾਡੀ ਮਾਨਸਿਕਤਾ ਕਿੱਧਰ ਭਟਕ ਗਈ। ਅਸੀਂ ਆਪਣੀ ਸੋਚ ਨੂੰ ਇੰਨਾ ਸੀਮਿਤ ਕਰ ਲਿਆ ਕਿ ਕਿਸੇ ਦੀ ਨਸੀਹਤ ਸੁਣਨ ਨੂੰ ਤਿਆਰ ਨਹੀਂ। ਅਸੀਂ ਧਾਰਮਿਕ ਹੋਣ ਦਾ ਦਿਖਾਵਾ ਕਰਦੇ ਹਾਂ, ਪਰ ਧਰਮ ਤੋਂ ਮਿਲਦੀ ਸਿੱਖਿਆ ਉੱਤੇ ਅਮਲ ਨਹੀਂ ਕਰਦੇ। ਮਾਂ ਪਿਓ ਦਿਵਸ ਮਨਾਉਂਦੇ ਹਾਂ, ਪਰ ਘਰ ਵਿੱਚ ਉਨ੍ਹਾ ਕੋਲ ਬਹਿਣ ਦਾ ਸਾਡੇ ਕੋਲ ਸਮਾਂ ਨਹੀਂ। ਮੀਂਹ ਪਵਾਉਣ ਲਈ ਯੱਗ ਕਰਦੇ ਹਾਂ, ਪਰ ਪੌਦੇ ਲਾਉਣਾ ਸਰਕਾਰ ਦਾ ਕੰਮ ਸਮਝਦੇ ਹਾਂ। ਕੁੜੀਆਂ ਕੱਪੜੇ ਦੀ ਗੁੱਡੀ ਫੂਕ ਕੇ ਉਸ ਦੀ ਮੌਤ ਉੱਤੇ ਵਿਰਲਾਪ ਕਰਦੀਆਂ ਹਨ ਅਤੇ ਮੀਂਹ ਮੰਗਦੀਆਂ ਹਨ :

*"ਗੁੱਡੀ ਮਰ ਗੀ ਜਣ ਕੇ, ਪੌੜੀ ਹੇਠਾਂ ਅਣ ਕੇ"*

*ਜਾਂ*

*"ਜੇ ਗੁੱਡੀਏ ਤੂੰ ਮਰਨਾ ਸੀ, ਦਲੀਆ ਕਾਸਨੂੰ ਧਰਨਾ ਸੀ।"*

ਅਸੀਂ ਸਾਰੇ ਕੰਮ ਸਰਕਾਰ ਦੇ ਖਾਤੇ ਪਾ ਕੇ ਆਪ ਸੁਰਖਰੂ ਹੋ ਜਾਂਦੇ ਹਾਂ, ਪਰ ਸਰਕਾਰਾਂ ਨਾਲ ਸਾਨੂੰ ਵੀ ਸਹਿਯੋਗ ਕਰਨਾ ਪਵੇਗਾ ਤਦੇ ਇਸ ਰਾਜ ਦੀ ਗੱਡੀ ਲੀਹ ਉੱਤੇ ਆਵੇਗੀ। ਇਸ ਲਈ ਅਜੇ ਸਮਾਂ ਹੈ ਕਿ ਨਿੱਜੀ ਸਵਾਰਥਾਂ ਤੋਂ ਉਪਰ ਉਠ ਕੇ ਫੈਸਲਾ ਕਰੀਏ, ਰੁੱਖ ਲਾਓ ਮੁਹਿੰਮ ਚਲਾਈਏ, ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਈ ਜਾਵੇ, ਪ੍ਰਦੂਸ਼ਣ ਫੈਲਾਉਣ ਵਾਲੀਆਂ ਫੈਕਟਰੀਆਂ ਨੂੰ ਨੱਥ ਪਾਈਏ, ਸਰਕਾਰ ਫੌਰੀ ਤੌਰ ਉੱਤੇ ਨਾਜਾਇਜ਼ ਖਣਨ ਨੂੰ ਰੋਕੇ ਤੇ ਲੋਕ ਸੂਬੇ ਦੀ ਖੁਸ਼ਹਾਲੀ ਵਾਪਸ ਲਿਆਉਣ ਲਈ ਅੱਗੇ ਆਉਣ, ਨਹੀਂ ਤਾਂ ਇਸ ਲੋਕ ਬੋਲੀ ਵਾਲਾ ਹਾਲ ਹੋ ਸਕਦਾ ਹੈ :

*ਰੁੱਖ ਵੱਢਦਿੱਤੇ, ਧਰਤੀ ਸਾੜ 'ਤੀ*
*ਅਜੇ ਨਾ ਕੀਤੀ ਸੀ ਵੇ।*
*ਲੋਕੋ ਪੰਜਾਬ ਮੇਰੇ ਦਿਓ*
*ਕਿੱਥੋਂ ਭਾਲਦੇ ਮੀਂਹ ਵੇ?*




# ਮਾਨ ਸਰਕਾਰ ਵੱਲੋਂ ਗੰਨਾ ਕਿਸਾਨਾਂ ਲਈ 100 ਕਰੋੜ ਰੁਪਏ ਜਾਰੀ

## * ਸਰਕਾਰੀ ਖੰਡ ਮਿੱਲਾਂ ਦੇ ਬਕਾਏ 15 ਸਤੰਬਰ ਤਕ ਦਿੱਤੇ ਜਾਣਗੇ

ਚੰਡੀਗੜ੍ਹ, 31 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਗੰਨਾ ਕਿਸਾਨਾਂ ਦੇ ਬਕਾਏ ਵਧਦੇ ਵੇਖ ਕੇ ਉਨ੍ਹਾਂ ਦੇ ਖਾਤਿਆਂ ਵਿੱਚ ਕੱਲ੍ਹ 100 ਕਰੋੜ ਰੁਪਏ ਜਮ੍ਹਾਂ ਕਰਵਾ ਦਿੱਤੇ ਹਨ।

ਇਸ ਸਬੰਧੀ ਵਿੱਚ ਕੱਲ੍ਹ ਇੱਥੇ ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਨਿਰਦੇਸ਼ਾਂ ਉੱਤੇ ਸ਼ੂਗਰਫੈਡ ਮੁ ਕੱਲ੍ਹ ਗੰਨਾ ਕਾਸ਼ਤਕਾਰਾਂ ਦੇ ਖਾਤਿਆਂ ਵਿੱਚ ਫੰਡ ਭੇਜ ਦਿੱਤੇ ਹਨ।ਸ਼ੂਗਰਫੈਡ ਵੱਲੋਂ ਗੰਨਾ ਕਿਸਾਨਾਂ ਨੂੰ ਦੇਣ ਵਾਲੀ ਬਕਾਇਆ ਰਾਸ਼ੀ ਇਸ ਵਕਤ 195.60 ਕਰੋੜ ਰੁਪਏ ਹੈ। ਇਸ ਵਿੱਚੋਂ 100 ਕਰੋੜ ਰੁਪਏ ਇਸ 31 ਅਗਸਤ ਤਕ ਦੇ ਦਿੱਤੇ ਜਾਣਗੇ ਅਤੇ ਬਾਕੀ 95.60 ਕਰੋੜ ਰੁਪਏ ਦੀ



ਅਦਾਇਗੀ 15 ਸਤੰਬਰ ਤਕ ਹੋ ਜਾਵੇਗੀ। ਇਸ ਤੋਂ ਬਾਅਦ ਅਜਨ-ਾਲਾ, ਬਟਾਲਾ, ਬੁੱਢੇਵਾਲ, ਭੋਗਪੁਰ, ਫਾਜ਼ਿਲਕਾ, ਗੁਰਦਾ-ਸਪੁਰ, ਮੋਰਿੰਡਾ, ਨਕੋਦਰ ਤੇ ਨਵਾਂ ਸ਼ਹਿਰ ਵਿਖੇ ਸਰਕਾਰੀ ਮਾਲਕੀ ਵਾਲੀਆਂ 9 ਖੰਡ ਮਿੱਲਾਂ ਵੱਲ ਕੋਈ ਬਕਾਇਆ ਨਹੀਂ ਹੋਵੇਗਾ। ਵਰਣਨ ਯੋਗ ਹੈ ਕਿ ਇਸ 100 ਕਰੋੜ ਰੁਪਏ ਦੀ ਰਕਮ ਨਾਲ ਸਰਕਾਰ ਗੰਨਾ ਕਿਸਾਨਾਂ ਨੂੰ ਗੰਨੇ ਦੀ ਅਦਾਇਗੀ ਵਿੱਚੋਂ 619.62 ਕਰੋੜ ਰੁਪਏ ਦਾ ਬਕਾਇਆ 424.02 ਕਰੋੜ ਰੁਪਏ ਪਹਿਲਾਂ ਹੀ ਦੇ ਚੁੱਕੀ ਹੈ। ਇਹ ਅਦਾਇਗੀਆਂ 2021-22 ਸੀਜਨ ਦੀਆਂ ਹਨ।

# ਮਾਮਲਾ ਸ਼ਹੀਦ ਭਗਤ ਸਿੰਘ ਦੇ ਅਪਮਾਨ ਦਾ: ਬ੍ਰਿਟੇਨ ਦੀਆਂ ਗੁਰਦੁਆਰਾ ਕਮੇਟੀਆਂ ਵੀ ਸਿਮਰਨਜੀਤ ਮਾਨ ਤੇ ਉਸ ਦੇ ਪੁੱਤਰ ਖਿਲਾਫ ਭੜਕੀਆਂ

ਅੰਮ੍ਰਿਤਸਰ, 31 ਜੁਲਾਈ (ਪੋਸਟ ਬਿਊਰੋ)- ਸ਼ਹੀਦ ਭਗਤ ਸਿੰਘ ਬਾਰੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਵੱਲੋਂ ਛੇੜੇ ਗਏ ਬੇਲੋੜੇ ਵਿਵਾਦ ਦਾ ਨਾ ਸਿਰਫ ਪੰਜਾਬ ਤੇ ਭਾਰਤ ਵਿੱਚ, ਸਗੋਂ ਵਿਦੇਸ਼ਾਂ ਵਿੱਚ ਵੀ ਸਖਤ ਵਿਰੋਧ ਹੋ ਰਿਹਾ ਹੈ। ਬ੍ਰਿਟੇਨਦੀਆਂ ਗੁਰਦੁਆਰਾ ਕਮੇਟੀਆਂ ਨੇ ਸਿਮਰਨਜੀਤ ਸਿੰਘ ਮਾਨ ਵੱਲੋਂ ਸ਼ਹੀਦ ਭਗਤ ਸਿੰਘ ਦੇ ਵਿਰੁੱਧ ਕੀਤੀਆਂ ਅਪਮਾਨਜਨਕ ਟਿੱਪਣੀਆਂ ਅਤੇ ਮਾਨ ਦੇ ਪੁੱਤਰ ਈਮਾਨ ਸਿੰਘ ਮਾਨ ਵੱਲੋਂ ਕੇਂਦਰੀ ਸਿੱਖ ਅਜਾਇਬਘਰ ਤੋਂ ਭਗਤ ਸਿੰਘ ਦੀ ਤਸਵੀਰ ਹਟਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਕੀਤੀ ਮੰਗ ਉੱਤੇ ਸਖਤ ਇਤਰਾਜ਼ ਕਰਦਿਆਂ ਮਾਨ

## * ਮਾਨ ਪਿਓ-ਪੁੱਤਰ ਤੋਂ ਲਿਖਤੀ ਮੁਆਫੀ ਦੀ ਮੰਗ

ਪਿਓ ਪੁੱਤਰ ਨੂੰ ਇਹ ਬਿਆਨ ਲਿਖਤੀ ਤੌਰ ਉੱਤੇ ਵਾਪਸ ਲੈਣ ਅਤੇ ਸਿੱਖ ਕੌਮ ਤੋਂ ਮੁਆਫੀ ਮੰਗਣ ਲਈ ਕਿਹਾ ਹੈ। ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਵੱਲੋਂ ਦਿੱਤੀ ਸੂਚਨਾ ਵਿੱਚ ਬਰਮਿੰਘਮ ਦੇ ਗੁਰੂ ਹਰਿਰਾਏ ਸਾਹਿਬ ਗੁਰਦੁਆਰਾ ਵੈਸਟਬਰਮ ਵਿਖੇ ਬਰਮਿੰਘਮ, ਵੁਲਵਰਹੈਂਪਟਨ ਅਤੇ ਸੈਂਡਵਿਲ ਦੀਆਂ ਗੁਰਦੁਆਰਾ ਕਮੇਟੀਆਂ ਦੇ ਆਗੂਆਂ ਦੀ ਬੈਠਕ ਵਿੱਚ ਬੁਲਾਰਿਆਂ ਨੇ ਮਾਨ ਪਿਓ-ਪੁੱਤਰ ਦੀਆਂ ਸਿੱਖ ਹਿਰਦਿਆਂ ਨੂੰ ਵਲੂੰਧਰਨਵਾਲੀਆਂ ਟਿਪਣੀਆਂ ਦੀ



ਨਿਖੇਧੀ ਕੀਤੀ ਤੇ ਕਿਹਾ ਕਿ ਉਹ ਪੰਜਾਬ ਦੇ ਮੁੱਦੇ ਛੱਡ ਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਕਿਸੇ ਦੇ ਕਹਿਣ ਨਾਲ ਕਿਸੇ ਸ਼ਹੀਦ ਦਾ ਰੁਤਬਾ ਘੱਟ ਨਹੀਂ ਹੋਣਾ। ਉਨ੍ਹਾਂ ਕਿਹਾ ਕਿ ਦੇਸ਼ ਲਈ ਕੁਰਬਾਨੀਆਂ ਕਰਨ ਵਾਲੇ ਸ਼ਹੀਦਾਂ ਖਿਲਾਫ ਮਾਨ ਦੇ ਬਿਆਨਾਂ ਪਿੱਛੇ ਪਰਵਾਰਕ ਸੋਚ ਹੈ।ਇਸ ਮੌਕੇ ਲੱਖਾ ਸਿੰਘ, ਦਵਿੰਦਰ ਸਿੰਘ ਢੇਸੀ ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜਲੀ ਸਟ੍ਰੀਟ ਵੁਲਵਰਹੈਂਪਟਨ, ਅਮਰੀਕ ਸਿੰਘ ਦੇਵਗਨ, ਸੁਰਜੀਤ ਸਿੰਘ ਚਿੱਟੀ ਗੁਰਦੁਆਰਾ ਗੁਰੂ ਕਾ ਨਿਵਾਸ ਬਰਮਿੰਘਮ। ਡਾਕਟਰ ਸਾਧੂ ਸਿੰਘ ਗੁਰਦੁਆਰਾ ਨਾਨਕਸਰ ਠਾਠ ਵੁਲਵਰਹੈਂਪਟਨ, ਬਲਰਾਜ ਸਿੰਘ ਅਟਵਾਲ, ਗੁਰਮੀਤ ਸਿੰਘ ਸਿੱਧੂ ਗੁਰੂ ਨਾਨਕ ਗੁਰਦੁਆਰਾ ਕੈਨਕ ਰੋਡ ਵੁਲਵਰਹੈਂਪਟਨ, ਸਰਬਜੀਤ ਸਿੰਘ ਅਕਾਲੀ ਦਲ ਅੰਮ੍ਰਿਤਸਰ, ਬਾਬਾ ਚਰਨ ਸਿੰਘ, ਬਲਵਿੰਦਰ ਸਿੰਘ ਚਹੇੜੂ ਗੁਰੂ ਹਰਗੋਬਿੰਦ ਸਾਹਿਬ ਗੁਰਦੁਆਰਾ ਟਿਵੀਡੇਲ, ਜਸਵਿੰਦਰ ਸਿੰਘ ਗੁਰਦੁਆਰਾ ਬਾਬੇ ਕੇ ਬਰਮਿੰਘਮ, ਗੁਰਦੇਵ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

# ਫੌਜੀ ਹਸਪਤਾਲ ਦੀ ਦਵਾ ਬਾਹਰ ਵੇਚਣ ਉਤੇ 7 ਜਵਾਨਾਂ ਨੂੰ ਸਜ਼ਾ

ਨਵੀਂ ਦਿੱਲੀ, 31 ਜੁਲਾਈ (ਪੋਸਟ ਬਿਊਰੋ)- ਇੱਕ ਫੌਜੀ ਅਦਾਲਤ ਨੇ ਫੌਜੀ ਹਸਪਤਾਲ ਲਈ ਆਈਆਂ ਦਵਾਈਆਂ ਨਾਜਾਇਜ਼ ਢੰਗ ਨਾਲ ਖੁੱਲ੍ਹੇ ਬਾਜ਼ਾਰ ਵਿੱਚ ਵੇਚਣ ਉੱਤੇ ਸੱਤ ਫੌਜੀਆਂ ਨੂੰ ਨੌਕਰੀ ਤੋਂ ਬਰਖਾਸਤ ਕਰਨ ਤੋਂ ਲੈ ਕੇ ਦੋ ਤੋਂ ਛੇ ਸਾਲ ਦੀ ਜੇਲ੍ਹ ਤਕ ਦੀ ਸਖਤ ਸਜ਼ਾ ਦਿੱਤੀ ਗਈ ਹੈ। ਦੋਸ਼ੀ ਜਵਾਨਾਂ ਦੇ ਵਕੀਲ ਆਨੰਦ ਕੁਮਾਰ ਨੇ ਕਿਹਾ ਹੈ ਕਿ ਉਹ ਫੌਜੀ ਅਦਾਲਤ ਦੇ ਫੈਸਲੇ ਨੂੰ ਅੱਗੇ ਹਾਈ ਕੋਰਟ ਵਿੱਚ ਚੁਣੌਤੀ ਦੇਣਗੇ। ਇਹ ਕੇਸ 2017 ਦਾ ਹੈ। ਪਤਾ ਲੱਗਾ ਕਿ ਦਿੱਲੀ ਦੇ ਭਗੀਰਥ ਪਲੇਸ ਮਾਰਕੀਟ ਦੀ ਇੱਕ ਦੁਕਾਨ ਵਿੱਚ 27 ਅਜਿਹੀਆਂ ਦਵਾਈਆਂ ਵਿਕ ਰਹੀਆਂ ਹਨ, ਜਿਨ੍ਹਾਂ ਉੱਤੇ 'ਨਾਟ ਫਾਰ ਸੇਲ' ਲਿਖਿਆ ਸੀ। ਇਸ ਦੇ ਬਿਨਾ ਉਨ੍ਹਾਂ ਉੱਤੇ ਫੌਜ ਦੇ 'ਰਿਸਰਚ ਐਂਡ ਰੈਫਰਲ ਹਸਪਤਾਲ' ਦਾ ਮਾਰਕਾ ਵੀ ਲੱਗਾ ਸੀ। ਸੂਤਰਾਂ ਨੇ ਦੱਸਿਆ ਕਿ ਇਸ ਕੇਸ ਵਿੱਚ 10 ਫੌਜੀਆਂ ਉੱਤੇ ਫੌਜੀ ਅਦਾਲਤ ਵਿੱਚ ਕੇਸ ਚਲਾ ਕੇ ਉਨ੍ਹਾਂ ਉੱਤੇ ਫੌਜੀ ਹਸਪਤਾਲ ਦੀਆਂ ਦਵਾਈਆਂ ਖੁੱਲ੍ਹੇ ਬਾਜ਼ਾਰ ਵਿੱਚ ਵੇਚ ਕੇ ਆਮ ਲੋਕਾਂ ਤੋਂ ਪੈਸਾ ਕਮਾਉਣ ਦਾ ਦੋਸ਼ ਲਾਇਆ ਗਿਆ। ਅਦਾਲਤ ਨੇ ਤਿੰਨ ਜਵਾਨਾਂ ਨੂੰ ਬਰੀ ਕਰ ਦਿੱਤਾ ਅਤੇ ਸੱਤ ਨੂੰ ਦੋਸ਼ੀ ਠਹਿਰਾਉਂਦੇ ਹੋਏ ਸਖਤ ਕਾਰਵਾਈ ਦਾ ਹੁਕਮ ਦਿੱਤਾ। ਜਾਣਕਾਰ ਸੂਤਰਾਂ ਮੁਤਾਬਕ ਨਾਜਾਇਜ਼ ਢੰਗ ਨਾਲ ਦਵਾ ਵੇਚਣ ਦਾ ਕੰਮ ਰਾਸ਼ਟਰੀ ਰਾਜਧਾਨੀ ਵਿੱਚ ਹੋਇਆ ਸੀ, ਪਰ ਫੌਜੀਆਂ ਦਾ ਕੋਰਟ ਮਾਰਸ਼ਲ ਮੇਰਠ ਕੈਂਟ ਵਿੱਚ ਕੀਤਾ ਗਿਆ। ਆਨੰਦ ਕੁਮਾਰ ਦੇ ਮੁਤਾਬਕ ਸਰਕਾਰੀ ਪੱਖ ਦੀ ਸਹਿਮਤੀ ਦੇ ਬਾਵਜੂਦ ਰੈਫਰਲ ਹਸਪਤਾਲ ਨੇ ਅਦਾਲਤ ਦੇ ਸਾਹਮਣੇ ਦਵਾਈਆਂ ਦਾ ਰਜਿਸਟਰ ਪੇਸ਼ ਨਹੀਂ ਕੀਤਾ।

# ਨਿਆਂ ਪਸੰਦ ਜੱਥੇਬੰਦੀਆਂ ਵੀ ਸੀ ਵਿਰੁੱਧ ਸਿਹਤ ਮੰਤਰੀ ਦੀ ਕਾਰਵਾਈ ਨਾਲ ਸਹਿਮਤ

ਫਰੀਦਕੋਟ, 31 ਜੁਲਾਈ (ਪੋਸਟ ਬਿਊਰੋ)- ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫਰੀਦਕੋਟ ਵਿੱਚ ਇਮਾਨਦਾਰੀ ਦੇ ਨਾਲ ਸੇਵਾ ਨਿਭਾਉਣ ਵਾਲੇ ਡਾਕਟਰ ਮਨਜੀਤ ਸਿੰਘ ਜੌੜਾ ਦਾ ਹੈ ਕੀਤਾ ਕਿ ਵਾਈਸ ਚਾਂਸਲਰ ਡਾਕਟਰ ਰਾਜ ਬਹਾਦਰ ਦੇ ਭ੍ਰਿਸ਼ਟਾਚਾਰ ਬਾਰੇ ਉਸ ਨੇ ਲਗਭਗ ਹਰ ਮੰਤਰੀ ਸਮੇਤ ਮੁੱਖ ਮੰਤਰੀ ਦੇ ਧਿਆਨ ਵਿੱਚ ਸਬੂਤਾਂ ਸਮੇਤ ਲਿਖਤੀ ਰੂਪ ਵਿੱਚ ਲਿਆਂਦਾ ਹੋਇਆ ਹੈ, ਪਰ ਕਦੇ ਕੋਈ ਸੁਣਵਾਈ ਨਾ ਹੋਈ। ਉਨ੍ਹਾਂ ਨੇ ਸਿਹਤ ਮੰਤਰੀ ਚੇਤਨ ਸਿੰਘ ਜੌੜਾ ਮਾਜਰਾ ਦੀ ਡਾਕਟਰ ਰਾਜ ਬਹਾਦੁਰ ਵਿਰੁੱਧ ਕਾਰਵਾਈ ਦੀ ਆਲੋਚਨਾ ਕਰਨ ਵਾਲਿਆਂ ਨੂੰ ਸੱਦਾ ਦਿੰਦਿਆਂ ਕਿਹ ਕਿ ਜੇ ਕੋਈ ਇਸ ਵਾਈਸ ਚਾਂਸਲਰ ਦੀਆਂ ਜ਼ਿਆਦਤੀਆਂ ਅਤੇ ਭ੍ਰਿਸ਼ਟਾਚਾਰ ਦੇ



ਸਬੂਤ ਚਾਹੀਦੇ ਹਨ ਤਾਂ ਸੰਪਰਕ ਕਰ ਲੈਣ।

ਭਾਈ ਘਨ੍ਹਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਅਤੇ ਕਈ ਹੋਰ ਸਮਾਜਸੇਵੀ ਸੰਸਥਾਵਾਂ ਤੇ ਸਮਾਜ ਸੁਧਾਰਕ ਜਥੇਬੰਦੀਆਂ ਅਤੇ ਮਨੁੱਖਤਾ ਦੀ ਭਲਾਈ ਲਈ ਕਾਰਜਸ਼ੀਲ ਰਹਿਣ ਵਾਲੀਆਂ ਦਰਜਨ ਤੋਂ ਵੱਧ ਸੰਸਥਾਵਾਂ ਦੀ ਅਗਵਾਈ ਕਰ ਰਹੇ ਗੁਰਪ੍ਰੀਤ ਸਿੰਘ ਚੰਦਬਾਜਾ ਨੇ ਚੁਣੌਤੀ ਦਿੱਤੀ ਕਿ ਡਾਕਟਰ ਰਾਜ ਬਹਾਦਰ ਦੇ ਹੱਕ ਵਿੱਚ ਆਉਣ ਵਾਲੇ ਸਿਆਸੀ ਆਗੂ ਪਹਿਲਾਂ ਕਿਸੇ ਵੀ ਚੈਨਲ ਉੱਤੇ ਸਿੱਧੇ ਪ੍ਰਸਾਰਨ ਜਾਂ ਕਿਤੇ ਵੱਡਾ ਇਕੱਠ ਕਰ ਕੇ ਉਨ੍ਹਾਂ ਨਾਲ ਇਸ ਬਾਰੇ ਗੱਲਬਾਤ ਕਰਨ, ਉਹ ਭ੍ਰਿਸ਼ਟਾਚਾਰ, ਬੇਨਿਯਮੀਆਂ, ਧੱਕੇਸ਼ਾਹੀਆਂ, ਜ਼ਿਆਦਤੀਆਂ ਦੀਆਂ ਅਨੇਕਾਂ ਮਿਸਾਲਾਂ ਸਬੂਤਾਂ ਸਮੇਤ ਦੇਵੇਗਾ। ਡਾਕਟਰ ਜੌੜਾ ਤੇ ਚੰਦਬਾਜਾ ਨੇ ਸਿਹਤ ਮੰਤਰੀ ਚੇਤਨ ਸਿੰਘ ਜੋੜੇਮਾਜਰਾ ਦੀ ਕਾਰਵਾਈ ਦਾ ਸਮਰਥਨ ਕਰਦਿਆਂ ਕਿਹਾ ਕਿ ਪਹਿਲਾਂ ਕਿਸੇ ਸਿਹਤ ਮੰਤਰੀ ਨੇ ਮਰੀਜ਼ਾਂ, ਉਨ੍ਹਾਂ ਦੇ ਵਾਰਸਾਂ ਜਾਂ ਸਮਾਜ ਸੁਧਾਰਕਾਂ ਦੀ ਗੱਲ ਸੁਣਨ ਤਕ ਦੀ ਲੋੜ ਹੀ ਨਹੀਂ ਸਮਝੀ, ਜੇ ਕਿਸੇ ਸਿਹਤ ਮੰਤਰੀ ਨੇ ਵਾਈਸ ਚਾਂਸਲਰ ਸਮੇਤ ਸਾਰੇ ਸਟਾਫ ਦੀ ਜਵਾਬਤਲਬੀ ਕੀਤੀ ਹੈ ਤਾਂ ਜ਼ਿਲ੍ਹਾ ਫਰੀਦਕੋਟ ਦੀਆਂ ਸਮੁੱਚੀਆਂ ਇਨਸਾਫ ਪਸੰਦ ਜਥੇਬੰਦੀਆਂ ਉਸ ਦੀ ਹਮਾਇਤ ਕਰਦੀਆਂ ਹਨ।

# ਵਿਨੋਦ ਘਈ ਨੇ ਐਡਵੋਕੇਟ ਜਨਰਲ ਦਾ ਅਹੁਦਾ ਸੰਭਾਲਿਆ

ਚੰਡੀਗੜ੍ਹ, 31 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਗ੍ਰਹਿ ਅਤੇ ਨਿਆਂ ਮਾਮਲੇ ਵਿਭਾਗ ਵੱਲੋਂ ਨੋਟੀਫਿਕੇਸ਼ਨ ਜਾਰੀ ਕਰਨ ਪਿੱਛੋਂ ਸੀਨੀਅਰ ਵਕੀਲ ਵਿਨੋਦ ਘਈ ਨੇ ਪੰਜਾਬ ਦੇ ਐਡਵੋਕੇਟ ਜਨਰਲ ਵਜੋਂ ਅਹੁਦਾ ਸੰਭਾਲ ਲਿਆ ਹੈ। ਕੱਲ੍ਹ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਏ ਜੀ ਦੀ ਨਿਯੁਕਤੀ ਦੀ ਫਾਈਲ ਉੱਤੇ ਦਸਖਤ ਕਰ ਦਿੱਤੇ ਸਨ।ਭਾਵੇਂ ਭਗਵੰਤ ਮਾਨ ਸਰਕਾਰ ਨੇ ਵਿਨੋਦ ਘਈ ਨੂੰ ਐਡਵੋਕੇਟ ਜਨਰਲ ਲਾਉਣ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ, ਪਰ ਨਵੇਂ ਐਡਵੋਕੇਟ ਜਨਰਲ ਦੀਆਂ ਸੇਵਾਵਾਂ ਦਾ ਪੰਥਕ ਧਿਰਾਂ, ਬਰਗਾੜੀ ਇਨਸਾਫ ਮੋਰਚਾ, ਅਕਾਲੀ ਆਗੂਆਂ ਅਤੇ ਹਾਕਮ ਧਿਰ ਦੇ ਅੰਮ੍ਰਿਤਸਰ ਉਤਰੀ ਤੋਂ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਵਿਰੋਧ ਕਰ ਰਹੇ ਹਨ।

ਸਾਬਕਾ ਪੁਲਸ ਅਧਿਕਾਰੀ ਅਤੇ ਅਜੋਕੇ ਵਿਧਾਇਕ ਵਿਜੈ ਪ੍ਰਤਾਪ ਸਿੰਘ ਦਾ ਕਹਿਣਾ ਹੈ ਕਿ ਪਿਛਲੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੇ ਜਦੋਂ ਵਕੀਲ ਏ ਪੀ ਐਸ ਦਿਓਲ ਨੂੰ ਏ ਜੀ ਬਣਾਇਆ ਤਾਂ ਉਦੋਂ ਵੀ ਉਨ੍ਹਾਂ ਨੇ ਵਿਰੋਧ ਕੀਤਾ ਸੀ। ਉਨ੍ਹਾ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਨੇ



ਪੰਜਾਬ ਦੇ ਹਿੱਤ ਵਿੱਚ ਬੇਅਦਬੀ ਕੇਸਾਂ ਵਿੱਚ ਸਰਕਾਰ ਵੱਲੋਂ ਪੇਸ਼ ਹੋਣ ਦੀ ਬੇਨਤੀ ਕੀਤੀ ਤਾਂ ਉਦੋਂ ਉਨ੍ਹਾਂ (ਘਈ) ਦੂਜੀ ਧਿਰ ਦਾ ਵਕੀਲ ਹੋਣ ਦੀ ਗੱਲ ਕਹੀ ਸੀ। ਓਧਰਪੰਥਕ ਹਲਕਿਆਂ ਵਿੱਚ ਇਸ ਗੱਲ ਦਾ ਰੋਸ ਹੈ ਕਿ ਵਿਨੋਦ ਘਈ ਡੇਰਾ ਸਿਰਸਾ ਮੁਖੀ ਰਾਮ ਰਹੀਮ ਅਤੇ ਬੇਅਦਬੀ ਕੇਸਾਂ ਦੇ ਦੋਸ਼ੀਆਂ ਦੇ ਕੇਸ ਲੜ ਚੁੱਕੇ ਹਨ। ਇਸੇ ਲਈ ਸਿੱਖਾਂ ਅੱਗੇ ਬੇਅਦਬੀ ਕੇਸਾਂ ਵਿੱਚ ਨਿਆਂ ਮਿਲਣ ਉੱਤੇ ਸਵਾਲੀਆ ਨਿਸ਼ਾਨ ਖੜ੍ਹਾ ਹੋ ਗਿਆ ਹੈ। ਪੁਲਸ ਗੋਲੀ ਨਾਲ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਕਰਣ ਸੁਖਰਾਜ ਸਿੰਘ ਨੇ ਨਵੇਂ ਏ ਜੀ ਦੀ ਨਿਯੁਕਤੀਪਿੱਛੋਂ ਸਰਕਾਰ ਦੀ ਇਸ ਕਾਰਵਾਈ ਨੂੰ ਸਿੱਖਾਂ ਦੇ ਜ਼ਖਮਾਂ ਉੱਤੇ ਲੂਣ ਛਿੜਕਣ ਵਾਲੀ ਗੱਲ ਕਿਹਾ ਹੈ।




# ਹਾਈ ਕੋਰਟ ਦਾ ਹੁਕਮ ਮੰਨਣ ਤੋਂ ਕਿਸਾਨਾਂ ਦਾ ਇਨਕਾਰ

## * ਸ਼ਰਾਬ ਫੈਕਟਰੀ ਸਾਹਮਣੇ ਕਿਸਾਨਾਂ ਦਾ ਧਰਨਾ ਜਾਰੀ

ਜ਼ੀਰਾ (ਫਿਰੋਜ਼ਪੁਰ), 31 ਜੁਲਾਈ (ਪੋਸਟ ਬਿਊਰੋ)- ਪਿੰਡ ਮਨਸੂਰਵਾਲਾ ਵਿੱਚ ਸ਼ਰਾਬ ਫੈਕਟਰੀ ਮੂਹਰੇ ਪਿੰਡ ਵਾਸੀਆਂ ਅਤੇ ਕਿਸਾਨ ਸੰਗਠਨਾਂ ਦਾ ਧਰਨਾ ਅੱਜ ਅੱਠਵੇ ਦਿਨ ਵੀ ਜਾਰੀ ਰਿਹਾ। ਓਧਰ ਫੈਕਟਰੀ ਦੇ ਅੰਦਰ ਫੱਸੇ 100 ਦੇ ਕਰੀਬ ਮੁਲਾਜ਼ਮਾਂ ਤਕ ਰਾਸ਼ਨ ਪਹੁੰਚਾਉਣ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਕਾਮਯਾਬ ਨਹੀਂ ਹੋ ਰਿਹਾ। ਇਸੇ ਦੌਰਾਨ ਪੰਜਾਬ ਹਰਿਆਣਾ ਹਾਈ ਕੋਰਟ ਨੇ ਫੈਕਟਰੀ ਦੇ ਤਿੰਨ ਸੌ ਮੀਟਰ ਘੇਰੇ ਵਿੱਚ ਧਰਨਾ ਪ੍ਰਦਰਸ਼ਨ ਉੱਤੇ ਰੋਕ ਲਗਾ ਦਿੱਤੀ ਹੈ।

ਹਾਈ ਕੋਰਟ ਦੇ ਹੁਕਮ ਲੈ ਕੇ ਜ਼ੀਰਾ ਦੇ ਡੀ ਐਸ ਪੀ ਪਲਵਿੰਦਰ ਸੰਧੂ ਕੱਲ੍ਹ ਫੈਕਟਰੀ ਮੂਹਰੇ ਪ੍ਰਦਰਸ਼ਨ ਕਰਦੇ ਲੋਕਾਂ ਨੂੰ ਜਾਣਕਾਰੀ ਦੇਣ ਗਏ ਤਾਂ ਕਿਹਾ ਕਿ ਧਰਨਾ ਦੂਰ ਲਾ ਲੈਣ। ਸਾਰੇ ਭਰੋਸਿਆਂ ਦੇ ਬਾਵਜੂਦ



ਕਿਸਾਨ ਸੰਗਠਨ ਧਰਨਾ ਹਟਾਉਣਾ ਨਹੀਂ ਮੰਨੇ। ਧਰਨੇ ਵਿੱਚ ਕੱਲ੍ਹ ਪੰਜਾਬੀ ਫਿਲਮ ਅਭਿਨੇਤਰੀ ਸੋਨੀਆ ਮਾਨ ਵੀ ਸ਼ਾਮਲ ਹੋ ਗਈ।

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਜਨਰਲ ਸੈਕਟਰੀ ਬਲਦੇਵ ਸਿੰਘ ਨੇ ਹਾਈ ਕੋਰਟ ਦੇ ਫੈਸਲੇਬਾਰੇ ਕਿਹਾ ਕਿ ਜੇ ਹਾਈ ਕੋਰਟ ਨੂੰ ਲੱਗਦਾ ਹੈ ਕਿ ਇਲਾਕੇ ਦੇ ਲੋਕਾਂ ਨੂੰ ਜੀਉਣ ਦਾ ਹੱਕ ਨਹੀਂ ਤਾਂ ਗੋਲੀਆਂ ਚਲਵਾ ਦਿਓ, ਧਰਨਾ ਇਸੇ ਜਗ੍ਹਾਚੱਲੇਗਾ। ਦੂਜੇ ਪਾਸੇ ਫੈਕਟਰੀ ਵਿੱਚ ਫਸੇ ਪਿੰਡ ਨਾਰ-ਾਇਣਪੁਰ, ਜ਼ਿਲ੍ਹਾ ਗੋਂਡਾ, ਉੱਤਰ ਪ੍ਰਦੇਸ਼ ਦੇ ਸ਼ਿਵਾਂਗ ਤ੍ਰਿਪਾਠੀ, ਪਿੰਡ ਚੰਦਰਹਰੀਆ, ਜ਼ਿਲ੍ਹਾ ਚੰਪਾਰਨ, ਬਿਹਾਰ ਦੇ ਅਨਿਲ ਪ੍ਰਕਾਸ਼ ਨੇ ਕਿਹਾ ਕਿ ਕੰਟੀਨ ਵਿੱਚ ਰਾਸ਼ਨ ਬਿਲਕੁੱਲ ਖਤਮ ਹੋ ਚੁੱਕਾ ਹੈ। ਜੇ ਜਲਦੀ ਹੀ ਉਨ੍ਹਾਂ ਨੂੰ ਰਾਸ਼ਨ ਨਾ ਮਿਲਿਆ ਤਾਂ ਹਾਲਾਤ ਬਦਤਰ ਹੋ ਸਕਦੇ ਹਨ।

# ਟਰਾਂਸਫਾਰਮਰ ਦਾ ਜੰਪਰ ਠੀਕ ਕਰਦੇ ਸਮੇਂ ਕਰੰਟ ਲੱਗਾ, 22 ਸਾਲ ਦੇ ਨੌਜਵਾਨ ਦੀ ਮੌਤ

ਜਲੰਧਰ, 31 ਜੁਲਾਈ (ਪੋਸਟ ਬਿਊਰੋ)- ਕੱਲ੍ਹ ਸ਼ਾਮ ਪਿੰਡ ਕੰਗਣੀਵਾਲ ਵਿੱਚ ਟਰਾਂਸਫਾਰਮਰ ਉੱਤੇ ਚੜ੍ਹ ਕੇ ਜੰਪਰ ਠੀਕ ਕਰਦੇ ਸਮੇਂ ਕਰੰਟ ਲੱਗਣ ਨਾਲ ਬਿਜਲੀ ਮੁਲਾਜ਼ਮ 22 ਸਾਲਾ ਪਰਵਿੰਦਰ ਸਿੰਘ ਦੀ ਮੌਤ ਹੋ ਗਈ। ਉਹ ਥਾਣਾ ਸਦਰ ਦੇ ਪਿੰਡ ਸਮਰਾਏ ਦਾ ਰਹਿਣ ਵਾਲਾ ਅਤੇ ਦੋ ਭੈਣਾਂ ਦਾ ਇਕਲੌਤਾ ਭਰਾ ਸੀ।

ਮ੍ਰਿਤਕ ਦੇ ਪਰਵਾਰ ਨੇ ਦੱਸਿਆ ਕਿ ਫੋਨ ਆਉਣ ਉੱਤੇ ਪਰਵਿੰਦਰ ਸਿੰਘ ਕੱਲ੍ਹ ਸ਼ਾਮ ਘਰੋਂ ਗਿਆ ਸੀ। ਉਸ ਨਾਲ ਟਰਾਂਸਫਾਰਮਰ ਦੇ ਜੰਪਰ ਨੂੰ ਠੀਕ ਕਰਨ ਗਏ ਉਸ ਦੇ ਸੀਨੀਅਰ ਸਾਥੀ ਮੰਗਾ ਨੇ ਦੱਸਿਆ ਕਿ ਉਨ੍ਹਾਂ ਨੂੰ ਕੰਗਨੀਵਾਲ ਦੇ ਕਿਸਾਨਾਂ ਨੇ ਸ਼ਿਕਾਇਤ ਕੀਤੀ ਸੀ ਕਿ ਬਜੂਹਾ ਫੀਡਰ ਦਾ ਮੀਟਰ ਨਹੀਂ ਚੱਲ ਰਿਹਾ। ਉਹ ਅਤੇ ਪਰਵਿੰ-ਦਰ ਕੰਗਨੀਵਾਲ ਟੀ ਪੁਆਇੰਟ ਨੇੜੇ ਲੱਗੇ ਟਰਾਂਸਫਾਰਮਰ ਨੇੜੇ ਗਏ ਤਾਂ ਉਸ ਨੇ ਟਰਾਂਸਫਾਰਮਰ ਉੱਤੇ ਖੁਦ ਚੜ੍ਹਨ ਦੀ ਗੱਲ ਕਹੀ ਸੀ, ਪਰੰਤੂ ਪਰਵਿੰਦਰ ਉਸ ਨੂੰ ਰੋਕ ਕੇ ਖੁਦ ਚੜ੍ਹ ਗਿਆ। ਕੁਝ ਦੇਰ ਬਾਅਦ ਪਰਵਿੰਦਰ ਡਿੱਗ ਪਿਆ ਅਤੇ ਉਸ ਦੀ ਮੌਤ ਹੋ ਗਈ। ਦੂਸਰੇ ਪਾਸੇ ਬਿਜਲੀ ਕਾਰਪੋਰੇਸ਼ਨ ਦੇ ਜੇ ਈ ਕ੍ਰਿਪਾਲ ਨੇ ਦੱਸਿਆ ਕਿ ਖੰਬੇ ਤੋਂ ਇਕਦਮ ਪਰਵਿੰ-ਦਰ ਹੇਠਾਂ ਡਿੱਗ ਪਿਆ। ਟਰਾਂਸਫਾਰਮਰ ਦੀ ਬਿਜਲੀ ਬੰਦ ਕਰ ਦਿੱਤੀ ਸੀ, ਪਰ ਪਤਾ ਨਹੀਂ ਕਿ ਕਿੱਦਾਂਉਸ ਦੀ ਮੌਤ ਹੋਈ ਹੈ।ਚੌਕੀ ਜੰਡਿਆਲਾ ਦੇ ਇੰਚਾਰਜ ਨੇ ਦੱਸਿਆ ਕਿ ਪੋਸਟਮਾਰਟਮ ਦੀ ਰਿਪੋਰਟ ਆਉਣ ਉੱਤੇ ਮੌਤ ਦੇ ਕਾਰਨਾਂ ਦੀ ਪੁਸ਼ਟੀ ਹੋਵੇਗੀ। ਇਸ ਮੌਕੇਪਰਵਿੰਦਰ ਸਿੰਘ ਦੇ ਪਿਤਾ ਨੇ ਕਿਹਾ ਕਿ ਦੋ ਮਹੀਨੇ ਤੋਂ ਉਸ ਦਾ ਬੇਟਾ ਕੰਮ ਕਰਰਿਹਾ ਸੀ। ਪਰਵਾਰ ਦਾ ਦੋਸ਼ ਹੈ ਕਿ ਠੇਕੇਦਾਰ ਵੱਲੋਂ ਜ਼ਰੂਰੀ ਸੇਫਟੀ ਕਿੱਟ ਨਾ ਦੇਣ ਕਾਰਨ ਉਨ੍ਹਾਂ ਦੇ ਬੇਟੇ ਦੀ ਮੌਤ ਹੋਈ ਹੈ। ਲੋਕਾਂ ਦਾ ਕਹਿਣਾ ਹੈ ਕਿ ਪੱਕੇ ਜਾਂ ਕੱਚੇ ਮੁਲਾਜ਼ਮਾਂ ਨੂੰ ਸੇਫਟੀ ਕਿੱਟ ਨਹੀਂ ਦਿੱਤੀ ਜਾਂਦੀ ਅਤੇ ਜੋ ਰਬੜ ਦੇ ਦਸਤਾਨੇ ਦਿੱਤੇ ਜਾਂਦੇ ਹਨ ਉਹ ਵੀ ਸਾਰਿਆਂ ਕੋਲ ਨਹੀਂ ਹਨ। ਮ੍ਰਿਤਕ ਦੇ ਪਿਤਾ ਦਾ ਕਹਿਣਾ ਹੈ ਕਿ ਪਰਵਿੰਦਰ ਦੀ ਮੌਤ 11 ਹਜ਼ਾਰ ਕੇ ਵੀ ਦੇ ਕਰੰਟ ਕਾਰਨ ਹੋਈ ਹੈ।

# ਦਿੱਲੀ ਸਰਕਾਰ ਨੇ ਨਵੀਂ ਸ਼ਰਾਬ ਨੀਤੀ ਵਾਪਸ ਲਈ




ਨਵੀਂ ਦਿੱਲੀ, 31 ਜੁਲਾਈ (ਪੋਸਟ ਬਿਊਰੋ)- ਦਿੱਲੀ ਦੇ ਲੈਫਟੀਨੈਂਟ ਗਵਰਨਰ ਵਿਨੈ ਸਕਸੈਨਾ ਵੱਲੋਂ ਦਿੱਲੀ ਸਰਕਾਰ ਦੀ 'ਨਵੀਂ ਸ਼ਰਾਬ ਨੀਤੀ' ਦੀ ਸੀ ਬੀ ਆਈ ਜਾਂਚ ਦੀ ਸਿਫਾਰਸ਼ ਕਰਨ ਪਿੱਛੋਂ ਵਿਰੋਧੀ ਧਿਰਾਂ ਦੇ ਹਮਲਿਆਂ ਦਾ ਸਾਹਮਣਾ ਕਰ ਰਹੀ ਦਿੱਲੀ ਸਰਕਾਰ ਨੇ ਇਹ ਸ਼ਰਾਬ ਨੀਤੀ ਵਾਪਸ ਲੈ ਲਈ ਹੈ।

ਇਸ ਬਾਰੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਦਿੱਲੀ ਵਿੱਚ ਮੁੜ ਪੁਰਾਣੀ ਸ਼ਰਾਬ ਨੀਤੀ ਇੱਕ ਅਗਸਤ ਤੋਂ ਲਾਗੂ ਕੀਤੀ ਗਈ ਹੈ, ਜਿਹਵੀ ਅਗਲੇ ਛੇ ਮਹੀਨਿਆਂ ਤਕ ਲਾਗੂ ਰਹੇਗੀ। ਸਿਸੋਦੀਆ ਨੇ ਕਿਹਾ ਕਿ ਨਵੀਂ ਸ਼ਰਾਬ ਨੀਤੀ ਤਿਆਰ ਹੋਣ ਤਕ ਪੁਰਾਣੀ ਨੀਤੀ ਲਾਗੂ ਰਹੇਗੀ। ਕਿਹਾ ਜਾਂਦਾ ਹੈ ਕਿ ਨਵੀਂ ਸ਼ਰਾਬ ਨੀਤੀ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਸੀ ਬੀ ਆਈ ਜਾਂਚ ਦੀ ਸਿਫਾਰਸ਼ ਮਗਰੋਂ ਦਿੱਲੀ ਸਰਕਾਰ ਬੈਕਫੁੱਟ ਉੱਤੇ ਆ ਗਈ ਹੈ। ਪ੍ਰੈਸ ਕਾਨਫਰੰਸ ਮੌਕੇ ਸਿਸੋਦੀਆ ਨੇ ਭਾਜਪਾ ਉੱਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਉਹ ਭਾਜਪਾ ਆਗੂ ਈ ਡੀ ਅਤੇ ਸੀ ਬੀ ਆਈ ਰਾਹੀਂ ਦੁਕਾਨਦਾਰਾਂ, ਅਧਿਕਾਰੀਆਂ ਨੂੰ ਧਮਕੀਆਂ ਦੇਂਦੇ ਹਨ ਤੇ ਚਾਹੁੰਦੇ ਹਨ ਕਿ ਦਿੱਲੀ ਵਿੱਚ ਸ਼ਰਾਬ ਦੀਆਂ ਕਾਨੂੰਨੀ ਦੁਕਾਨਾਂ ਬੰਦ ਹੋਣੀਆਂ ਚਾਹੀਦੀਆਂ ਹਨ ਤੇ ਨਾਜਾਇਜ਼ ਦੁਕਾਨਾਂ ਤੋਂ ਪੈਸਾ ਕਮਾਉਣਾ ਚਾਹੀਦਾ ਹੈ।

# ਫੌਜੀ ਹਸਪਤਾਲ ਦੀ ਦਵਾ ਬਾਹਰ ਵੇਚਣ ਉਤੇ 7 ਜਵਾਨਾਂ ਨੂੰ ਸਜ਼ਾ



ਨਵੀਂ ਦਿੱਲੀ, 31 ਜੁਲਾਈ (ਪੋਸਟ ਬਿਊਰੋ)- ਇੱਕ ਫੌਜੀ ਅਦਾਲਤ ਨੇ ਫੌਜੀ ਹਸਪਤਾਲ ਲਈ ਆਈਆਂ ਦਵਾਈਆਂ ਨਾਜਾਇਜ਼ ਢੰਗ ਨਾਲ ਖੁੱਲ੍ਹੇ ਬਾਜ਼ਾਰ ਵਿੱਚ ਵੇਚਣ ਉੱਤੇ ਸੱਤ ਫੌਜੀਆਂ ਨੂੰ ਨੌਕਰੀ ਤੋਂ ਬਰਖਾਸਤ ਕਰਨ ਤੋਂ ਲੈ ਕੇ ਦੋ ਤੋਂ ਛੇ ਸਾਲ ਦੀ ਜੇਲ੍ਹ ਤਕ ਦੀ ਸਖਤ ਸਜ਼ਾ ਦਿੱਤੀ ਗਈ ਹੈ।

ਦੋਸ਼ੀ ਜਵਾਨਾਂ ਦੇ ਵਕੀਲ ਆਨੰਦ ਕੁਮਾਰ ਨੇ ਕਿਹਾ ਹੈ ਕਿ ਉਹ ਫੌਜੀ ਅਦਾਲਤ ਦੇ ਫੈਸਲੇ ਨੂੰ ਅੱਗੇ ਹਾਈ ਕੋਰਟ ਵਿੱਚ ਚੁਣੌਤੀ ਦੇਣਗੇ। ਇਹ ਕੇਸ 2017 ਦਾ ਹੈ। ਪਤਾ ਲੱਗਾ ਕਿ ਦਿੱਲੀ ਦੇ ਭਗੀਰਥ ਪਲੇਸ ਮਾਰਕੀਟ ਦੀ ਇੱਕ ਦੁਕਾਨ ਵਿੱਚ 27 ਅਜਿਹੀਆਂ ਦਵਾਈਆਂ ਵਿਕ ਰਹੀਆਂ ਹਨ, ਜਿਨ੍ਹਾਂ ਉੱਤੇ 'ਨਾਟ ਫਾਰ ਸੇਲ' ਲਿਖਿਆ ਸੀ। ਇਸ ਦੇ ਬਿਨਾ ਉਨ੍ਹਾਂ ਉੱਤੇ ਫੌਜ ਦੇ 'ਰਿਸਰਚ ਐਂਡ ਰੈਫਰਲ ਹਸਪਤਾਲ' ਦਾ ਮਾਰਕਾ ਵੀ ਲੱਗਾ ਸੀ। ਸੂਤਰਾਂ ਨੇ ਦੱਸਿਆ ਕਿ ਇਸ ਕੇਸ ਵਿੱਚ 10 ਫੌਜੀਆਂ ਉੱਤੇ ਫੌਜੀ ਅਦਾਲਤ ਵਿੱਚ ਕੇਸ ਚਲਾ ਕੇ ਉਨ੍ਹਾਂ ਉੱਤੇ ਫੌਜੀ ਹਸਪਤਾਲ ਦੀਆਂ ਦਵਾਈਆਂ ਖੁੱਲ੍ਹੇ ਬਾਜ਼ਾਰ ਵਿੱਚ ਵੇਚ ਕੇ ਆਮ ਲੋਕਾਂ ਤੋਂ ਪੈਸਾ ਕਮਾਉਣ ਦਾ ਦੋਸ਼ ਲਾਇਆ ਗਿਆ। ਅਦਾਲਤ ਨੇ ਤਿੰਨ ਜਵਾਨਾਂ ਨੂੰ ਬਰੀ ਕਰ ਦਿੱਤਾ ਅਤੇ ਸੱਤ ਨੂੰ ਦੋਸ਼ੀ ਠਹਿਰਾਉਂਦੇ ਹੋਏ ਸਖਤ ਕਾਰਵਾਈ ਦਾ ਹੁਕਮ ਦਿੱਤਾ। ਜਾਣਕਾਰ ਸੂਤਰਾਂ ਮੁਤਾਬਕ ਨਾਜਾਇਜ਼ ਢੰਗ ਨਾਲ ਦਵਾ ਵੇਚਣ ਦਾ ਕੰਮ ਰਾਸ਼ਟਰੀ ਰਾਜਧਾਨੀ ਵਿੱਚ ਹੋਇਆ ਸੀ, ਪਰ ਫੌਜੀਆਂ ਦਾ ਕੋਰਟ ਮਾਰਸ਼ਲ ਮੇਰਠ ਕੈਂਟ ਵਿੱਚ ਕੀਤਾ ਗਿਆ। ਆਨੰਦ ਕੁਮਾਰ ਦੇ ਮੁਤਾਬਕ ਸਰਕਾਰੀ ਪੱਖ ਦੀ ਸਹਿਮਤੀ ਦੇ ਬਾਵਜੂਦ ਰੈਫਰਲ ਹਸਪਤਾਲ ਨੇ ਅਦਾਲਤ ਦੇ ਸਾਹ-ਮਣੇ ਦਵਾਈਆਂ ਦਾ ਰਜਿਸਟਰ ਪੇਸ਼ ਨਹੀਂ ਕੀਤਾ।

# ਅਦਾਲਤਾਂ ਤਕ ਪਹੁੰਚਣ ਵਾਲੇ ਲੋਕਾਂ ਦੀ ਗਿਣਤੀ ਬਹੁਤ ਘੱਟ: ਜਸਟਿਸ ਰਾਮੰਨਾ



ਨਵੀਂ ਦਿੱਲੀ, 31 ਜੁਲਾਈ (ਪੋਸਟ ਬਿਊਰੋ)- ਭਾਰਤ ਦੇ ਚੀਫ ਜਸਟਿਸ ਐਨ ਵੀ ਰਾਮੰਨਾ ਨੇ ਨਿਆਂ ਤਕ ਪਹੁੰਚ ਕਰਨ ਨੂੰ ਸਮਾਜ ਦੀ ਭਲਾਈ ਦਾ ਸਾਧਨ ਦੱਸਿਦਿਆਂ ਕੱਲ੍ਹ ਇੱਥੇ ਕਿਹਾ ਕਿ ਆਬਾਦੀ ਦਾ ਬਹੁਤ ਛੋਟਾ ਹਿੱਸਾ ਅਦਾਲਤਾਂ ਤਕ ਜਾ ਸਕਦਾ ਹੈ ਤੇ ਬਹੁਤੇ ਲੋਕ ਜਾਗਰੂਕਤਾ ਦੇ ਜ਼ਰੂਰੀ ਸਾਧਨਾਂ ਦੀ ਘਾਟ ਕਾਰਨ ਚੁੱਪਚਾਪ ਦੁੱਖ ਸਹਿੰਦੇ ਹਨ। ਇਸੇ ਸਮਾਗਮ ਵਿੱਚ ਬੋਲਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਿਆਂ ਪਾਲਿਕਾ ਨੂੰ ਅਪੀਲ ਕੀਤੀ ਕਿ ਉਹ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਤੇ ਕਾਨੂੰਨੀ ਮਦਦ ਉਡੀਕ ਰਹੇ ਵਿਚਾਰ ਅਧੀਨ ਕੈਦੀਆਂ ਦੀ ਰਿਹਾਈ ਦੀ ਪ੍ਰਕਿਰਿਆ ਤੇਜ਼ ਕਰੇ।

ਸਮਾਗਮ ਨੂੰ ਸੰਬੋਧਨ ਕਰਦਿਆਂ ਚੀਫ ਜਸਟਿਸ ਰਾਮੰਨਾ ਨੇ ਨਿਆਂ ਪਾਲਿਕਾ ਨੂੰ ਨਿਆਂ ਦੇਣ ਦੀ ਰਫਤਾਰ ਵਧਾਉਣ ਲਈ ਆਧੁਨਿਕ ਤਕਨੀਕੀ ਮਸ਼ੀਨਰੀ ਅਪਣਾਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ''ਨਿਆਂ-ਸਮਾਜਿਕ, ਆਰਥਿਕ ਅਤੇ ਰਾਜਨੀਤਕਨਿਆਂ ਦੀ ਇਸੇ ਸੋਚ ਦਾ ਵਾਅਦਾ ਸਾਡੇ ਸੰਵਿਧਾਨ ਦੇ ਮੁੱਢਲੇ ਸ਼ਬਦਾਂ ਵਿੱਚ ਹਰ ਭਾਰਤੀ ਲਈ ਹੈ। ਸੱਚਾਈ ਇਹ ਹੈ ਕਿ ਸਾਡੀ ਆਬਾਦੀ ਦਾ ਸਿਰਫ ਛੋਟਾ ਜਿਹਾ ਹਿੱਸਾ ਹੀ ਨਿਆਂ ਦੇਣ ਵਾਲੀ ਪ੍ਰਣਾਲੀ ਨਾਲ ਲੋੜ ਪੈਣ ਉੱਤੇ ਸੰਪਰਕ ਕਰ ਸਕਦਾ ਹੈ। ਜਾਗਰੂਕਤਾ ਅਤੇ ਜ਼ਰੂਰੀ ਸਾਧਨਾਂ ਦੀ ਘਾਟ ਕਾਰਨ ਵਧੇਰੇ ਲੋਕ ਚੁੱਪ ਰਹਿ ਕੇ ਦੁੱਖ ਸਹਿੰਦੇ ਹਨ।"

ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੁਖਾਲੇ ਨਿਆਂ ਨੂੰ ਸੁਖਾਲੇ ਜੀਵਨ ਜਿੰਨਾ ਹੀ ਅਹਿਮ ਦੱਸ ਕੇ ਨਿਆਂ ਪਾਲਿਕਾ ਨੂੰ ਅਪੀਲ ਕੀਤੀ ਕਿ ਉਹ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਅਤੇ ਕਾਨੂੰਨੀ ਮਦਦ ਦੀ ਉਡੀਕ ਕਰਦੇ ਵਿਚਾਰ ਅਧੀਨ ਕੈਦੀਆਂ ਦੀ ਰਿਹਾਈ ਦੀ ਪ੍ਰਕਿਰਿਆ ਤੇਜ਼ ਕਰਨ। ਉਨ੍ਹਾਂ ਕਿਹਾ ਕਿ ਨਾਗਰਿਕਾਂ ਦਾ ਨਿਆਂਪਾਲਿਕਾ ਉੱਤੇ ਬਹੁਤ ਭਰੋਸਾ ਹੈ ਅਤੇ ਕਿਸੇ ਸਮਾਜ ਲਈ ਨਿਆਂ ਪ੍ਰਣਾਲੀ ਤਕ ਪਹੁੰਚ ਤੇ ਨਿਆਂ ਦਿੱਤਾ ਜਾਣਾ ਬਰਾਬਰ ਜ਼ਰੂਰੀ ਹੈ।

ਸੁਪਰੀਮ ਕੋਰਟ ਦੇ ਜਸਟਿਸ ਡੀ ਵਾਈ ਚੰਦਰਚੂੜ ਨੇ ਕਿਹਾ ਕਿ ਨਿਆਂ ਸਮਾਜਕ-ਆਰਥਿਕ ਤੌਰ ਉੱਤੇ ਮਜ਼ਬੂਤ ਵਰਗਾਂ ਤਕ ਸੀਮਿਤ ਨਹੀਂ ਰਹਿਣਾ ਚਾਹੀਦਾ ਅਤੇ ਸਰਕਾਰ ਦੀ ਜ਼ਿੰਮੇਵਾਰੀ ਬਰਾਬਰੀ ਵਾਲਾ ਅਤੇ ਨਿਆਂ ਉੱਤੇ ਆਧਾਰਤ ਸਮਾਜਕ ਪ੍ਰਬੰਧ ਯਕੀਨੀ ਬਣਾਉਣਾ ਹੈ। ਕੌਮੀ ਕਾਨੂੰਨੀ ਸੇਵਾ ਅਥਾਰਟੀ (ਨਾਲਸਾ) ਦੇ ਮੁਖੀ ਅਤੇ ਸੁਪਰੀਮ ਕੋਰਟ ਦੇ ਵਕੀਲ ਯੂ ਯੂ ਲਲਿਤ ਨੇ ਕਿਹਾ ਕਿ ਉਹ ਸਰਕਾਰੀ ਵਕੀਲਾਂ ਦੇ ਦਫਤਰ ਦੀ ਤਰਜ਼ ਉੱਤੇ ਸਾਰੇ ਜ਼ਿਲ੍ਹਿਆਂ ਵਿੱਚ ਉਨ੍ਹਾਂ ਗਰੀਬਾਂ ਤੇ ਵਾਂਝੇ ਲੋਕਾਂ ਲਈ ਕਾਨੂੰਨੀ ਸਹਾਇਤਾ ਪ੍ਰਣਾਲੀ ਸਥਾਪਤ ਕਰਨ ਜਾ ਰਹੇ ਹਨ, ਜੋ ਪ੍ਰਾਈਵੇਟ ਦਾ ਖਰਚ ਨਹੀਂ ਚੁੱਕ ਸਕਦੇ। ਉਨ੍ਹਾਂ ਕਿਹਾ ਕਿ ਸ਼ੁਰੂਆਤੀ ਗੇੜ ਵਿੱਚ ਦੇਸ਼ ਭਰ ਵਿੱਚੋਂ 350 ਜ਼ਿਲ੍ਹਿਆਂ ਦੀ ਚੋਣ ਕੀਤੀ ਗਈ ਹੈ।

# ਬਿਲਡਰ ਦਾ ਅਗਸਤਾ ਹੈਲੀਕਾਪਟਰ ਸੀ ਬੀ ਆਈ ਵੱਲੋਂ ਜ਼ਬਤ



ਨਵੀਂ ਦਿੱਲੀ, 31 ਜੁਲਾਈ (ਪੋਸਟ ਬਿਊਰੋ)- ਭਾਰਤ ਦੇ ਅੱਜ ਤਕ ਦੇ ਸਭ ਤੋਂ ਵੱਡੇ ਬੈਂਕ ਘੋਟਾਲੇ ਦੇ ਕੇਸ ਵਿੱਚ ਕੇਂਦਰੀ ਜਾਂਚ ਏਜੰਸੀ (ਸੀ ਬੀ ਈ) ਨੇ ਬਿਲਡਰ ਅਵਿਨਾਸ਼ ਭੋਸਲੇ ਦੇ ਟਿਕਾਣੇ ਤੋਂ ਅਗਸਤਾ ਵੈਸਟਲੈਂਡ ਹੈਲੀਕਾਪਟਰ ਜ਼ਬਤ ਕਰ ਲਿਆ ਅਤੇ ਇਸ ਤੋਂ ਅੱਗੇ ਦੀ ਕਾਰਵਾਈ ਕੀਤੀ ਜਾ ਹਰੀ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਸੀ ਬੀ ਆਈ ਨੇ ਪੁਣੇ ਵਿੱਚ ਬਿਲਡਰ ਅਵਿਨਾਸ਼ ਭੋਸਲੇ ਦੇ ਅੱਡਿਆਂ ਦੀ ਤਲਾਸ਼ੀ ਦੌਰਾਨ ਇਹ ਹੈਲੀਕਾਪਟਰ ਜ਼ਬਤ ਕੀਤਾ। ਸੂਤਰਾਂ ਮੁਤਾਬਕ ਬਿਲਡਰ ਅਵਿਨਾਸ਼ ਭੋਸਲੇ ਡੀ ਐਚ ਐਫ ਐਲ ਨਾਲ ਜੁੜੇ ਘੋਟਾਲੇ ਵਿੱਚ ਸ਼ਾਮਲ ਸੀ, ਜਿਸ ਤੋਂ ਯੂਨੀਅਨ ਬੈਂਕ ਆਫ ਇੰਡੀਆ ਦੀ ਅਗਵਾਈ ਵਿੱਚ 17 ਬੈਂਕਾਂ ਦੇ ਇੱਕ ਗਰੁੱਪ ਨੂੰ 34,615 ਕਰੋੜ ਰੁਪਏ ਦਾ ਨੁਕਸਾਨ ਹੋਇਆ ਸੀ। ਇਹ ਹੈਲੀਕਾਪਟਰ ਅਗਸਤਾ ਵੈਸਟਲੈਂਡ ਦੱਸਿਆ ਗਿਆ ਹੈ। ਸੀ ਬੀ ਆਈ ਨੇ ਇਹ ਕਾਰਵਾਈ ਡੀ ਐਚ ਐਫ ਐਲ ਘੋਟਾਲਾ ਕੇਸ ਵਿੱਚ ਕੀਤੀ ਹੈ ਅਤੇ ਅਵਿਨਾਸ਼ ਭੋਸਲੇ ਏ ਬੀ ਆਈ ਐਲ ਗਰੁੱਪ ਦੀਆਂ ਕੰਪਨੀਆਂ ਦਾ ਪ੍ਰਮੋਟਰ ਹੈ। ਭੋਸਲੇ ਨੂੰ ਸੀ ਬੀ ਆਈ ਮਈ ਵਿੱਚ ਵੀ ਗ੍ਰਿਫਤਾਰ ਕਰ ਚੁੱਕੀ ਹੈ ਅਤੇ ਉਸ ਤੋਂ ਪੁੱਛਗਿੱਛ ਦੇ ਬਾਅਦ ਕੱਲ੍ਹ ਪੁਣੇ ਦੇ ਉਸ ਦੇ ਇੱਕ ਅੱਡੇ ਉੱਤੇ ਛਾਪਾ ਮਾਰਿਆ ਗਿਆ ਅਤੇ ਉਸ ਦੇ ਅਗਸਤਾ ਵੈਸਟਲੈਂਡ ਹੈਲੀਕਾਪਟਰ ਨੂੰ ਆਪਣੇ ਜ਼ਬਤ ਕਰ ਲਿਆ। ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਸੀ ਬੀ ਆਈ ਨੇ ਡੀ ਐਚ ਐਲ ਐਫ ਦੀ ਸ਼ਮੂਲੀਅਤ ਵਾਲੇ ਇਸ ਦੇਸ਼ ਦੇ ਸਭ ਤੋਂ ਵੱਡੇ ਬੈਂਕ ਘੋਟਾਲੇ ਦੇ ਸਿਲਸਿਲੇ ਵਿੱਚ ਨਵੇਂ ਸਿਰੇ ਤੋਂ ਤਲਾਸ਼ੀ ਲਈ ਹੈ, ਜਿਸ ਵਿੱਚ ਮਸ਼ਹੂਰ ਚਿੱਤਰਕਾਰਾਂ ਐਫ ਐਨ ਸੂਜਾ ਅਤੇ ਐਸ ਐਚ ਰਜ਼ਾ ਦੀਆਂ ਪੇਂਟਿੰਗਾਂ ਵੀ ਮਿਲੀਆਂ ਹਨ। ਇਨ੍ਹਾਂ ਦੀਆਂ ਪੇਂਟਿੰਗਾਂ ਦੀ ਕੀਮਤ ਕਰੀਬ 5.5 ਕਰੋੜ ਰੁਪਏ ਦੱਸੀ ਜਾ ਰਹੀ ਹੈ।

## ਗੈਰ ਪੰਜਾਬੀ ਗਾਇਕਾ ਅਨੀਤਾ ਲਿਯਾਕੇ ਨੂੰ ਪੰਜਾਬੀ ਗਾਇਕੀ ਦੇ ਲਈ ਗਲੋਬਲ ਮਿਊਜ਼ਿਕ ਐਵਾਰਡ



ਨਵੀਂ ਦਿੱਲੀ, 31 ਜੁਲਾਈ (ਪੋਸਟ ਬਿਊਰੋ)- ਸੰਸਾਰ ਪੱਧਰ ਉੱਤੇ ਪ੍ਰਸਿੱਧ ਪੰਜਾਬੀ ਗਾਇਕਾ ਅਨੀਤਾ ਲਿਯਾਕੇ, ਜਿਨ੍ਹਾਂ ਨੂੰ 'ਡੈਨਮਾਰਕ ਤੋਂ ਹੀਰ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਨੂੰ ਆਪਣੀ ਨਵੀਂ ਸੰਗੀਤ ਵੀਡੀਓ 'ਸਿਮਰਨ' ਲਈ ਗਲੋਬਲ ਮਿਊਜ਼ਿਕ ਐਵਾਰਡ ਮਿਲਿਆ ਹੈ। ਉਨ੍ਹਾਂ ਦੀ ਸੁਰੀਲੀ ਆਵਾਜ਼ ਵਿੱਚ ਸਿੱਖ ਭਗਤੀ ਰਸ ਦਾ ਇਹ ਗੀਤ ਇਸ ਵਿਸਾਖੀ ਉੱਤੇ ਜਾਰੀ ਹੋਇਆ ਸੀ। ਅਨੀਤਾ ਸਿੱਖ ਧਾਰਮਿਕ ਸੰਗੀਤ ਨੂੰ ਦੁਨੀਆ ਦੇ ਨਕਸ਼ੇ ਉੱਤੇ ਲਿਆ ਰਹੀ ਹੈ ਤੇ ਅਮਰੀਕਾ ਦੇ ਗੋਲਬਲ ਮਿਊਜ਼ਿਕ ਐਵਾਰਡ ਨੇ ਮਹਿਲਾ ਗਾਇਕ ਦੇ ਰੂਪ ਵਿੱਚ ਪ੍ਰਸਿੱਧੀ ਖੱਟਣ ਲਈ ਸਨਮਾਨਤ ਕੀਤਾ।

ਗਲੋਬਲ ਮਿਊਜ਼ਿਕ ਐਵਾਰਡ ਮਿਲਣ ਪਿੱਛੋਂ ਅਨੀਤਾ ਨੇ ਕਿਹਾ ਕਿ ਉਹ ਇਸ ਨਾਲ ਬਹੁਤ ਮਾਣ ਮਹਿਸੂਸ ਕਰਦੀ ਹੈ ਅਤੇ ਉਸ ਨੂੰ ਆਸ ਹੈ ਕਿ ਉਸ ਦਾ ਸਿੱਖ ਅਧਿਆਤਮਿਕ ਮੰਤਰ ਸਾਰੇ ਧਰਮਾਂ ਅਤੇ ਫਿਰਕਿਆਂ ਦੇ ਲੋਕਾਂ ਨੂੰ ਪ੍ਰਭਾਵਤ ਕਰੇਗਾ। ਉਨ੍ਹਾਂ ਨੇ 'ਸਿਮਰਨ' ਦੀ ਪੂਰੀ ਟੀਮ ਦਾ ਧੰਨਵਾਦ ਕੀਤਾ। ਵਰਨਣ ਯੋਗ ਹੈ ਕਿ ਨਵੰਬਰ 2006 ਵਿੱਚ ਡੈਨਮਾਰਕ ਤੋਂ ਆਪਣੇ ਐਲਬਮ 'ਹੀਰ' ਦੀ ਰਿਲੀਜ਼ ਨਾਲ ਅਨੀਤਾ ਪੰਜਾਬੀ ਵਿੱਚ ਇੱਕ ਸਿੰਗਲ ਐਲਬਮ ਬਣਾਉਣ ਵਾਲੀ ਪੱਛਮ ਦੀ ਪਹਿਲੀ ਗੈਰ-ਏਸ਼ਿਆਈ ਔਰਤ ਬਣੀ ਸੀ। ਪੰਜਾਬੀ ਵਿੱਚ ਗਾਇਨ ਤੋਂ ਇਲਾਵਾ ਅਨੀਤਾ ਲਿਆਕੇ ਹੋਰ 16 ਵੱਖ-ਵੱਖ ਭਾਸ਼ਾਵਾਂ ਵਿੱਚ ਗਾਇਨ ਕਰ ਚੁੱਕੀ ਹੈ ਅਤੇ ਉਸ ਦੀ ਹਰ ਪਾਸੇ ਧੁੰਮ ਹੈ।

# ਕਾਮਨਵੈੱਲਥ ਵਿੱਚ 'ਰੁੱਖੇ' ਵਿਹਾਰ ਕਾਰਨ ਭਾਰਤੀ ਟੀਮ ਮੈਨੇਜਰ ਦੀ ਸ਼ਿਕਾਇਤ



ਬਰਮਿੰਘਮ, 31 ਜੁਲਾਈ (ਪੋਸਟ ਬਿਊਰੋ)- ਕਾਮਨਵੈੱਲਥ ਖੇਡਾਂ ਵਿੱਚ ਭਾਰਤੀ ਦਲ ਲਈ ਵਾਪਰੀ ਸ਼ਰਮਨਾਕ ਘਟਨਾ ਵਿੱਚ ਵੇਟਲਿਫਟਿੰਗ ਟੀਮ ਮੈਨੇਜਰ ਪ੍ਰਦੀਪ ਸ਼ਰਮਾ ਦੀ ਰੁੱਖੇ ਵਿਹਾਰ ਲਈ ਪ੍ਰਬੰਧਕਾਂ ਨੇ ਸ਼ਿਕਾਇਤ ਕੀਤੀ ਹੈ।

ਬਰਮਿੰਘਮ ਖੇਡਾਂ ਵਿੱਚ ਕਾਮਨਵੈੱਲਥਖੇਡ ਫੈਡਰੇਸ਼ਨ ਦੀ ਮੈਨੇਜਰ ਜੀਨਾ ਡਾਸਨ ਨੇ ਪ੍ਰਦੀਪ ਸ਼ਰਮਾ ਦੇ ਵਰਤਾਅ ਬਾਰੇ ਭਾਰਤੀ ਟੀਮ ਨੂੰ ਲਿਖਿਆ ਤਾਂ ਈ-ਮੇਲ ਦਾ ਜਵਾਬ ਦਿੰਦਿਆਂ ਭਾਰਤੀ ਉਲੰਪਿਕ ਐਸੋਸੀਏਸ਼ਨ ਦੇ ਕਾਰਜਕਾਰੀ ਪ੍ਰਧਾਨ ਅਨਿਲ ਖੰਨਾ ਨੇ ਸ਼ਰਮਾ ਨੂੰ ਲੋ-ਪ੍ਰੋਫਈਲ ਤੇ ਨਿਯਮਾਂ ਮੁਤਾਬਕ ਰਹਿਣ ਦਾ ਨਿਰਦੇਸ਼ ਦਿੱਤਾ ਹੈ। ਡਾਸਨ ਨੇ ਪੱਤਰ ਵਿੱਚ ਲਿਖਿਆ ਕਿ 'ਸਾਨੂੰ ਸੂਚਨਾ ਮਿਲੀ ਹੈ ਕਿ ਤੁਹਾਡੇ ਇੱਕ ਟੀਮ ਅਧਿਕਾਰੀ ਪ੍ਰਦੀਪ ਸ਼ਰਮਾ ਨੇ ਕੱਲ੍ਹ ਸਵੇਰੇ ਸਾਡੇ ਟੀ-2 ਡਰਾਈਵਰਾਂ ਵਿੱਚੋਂ ਇੱਕ ਨਾਲ ਰੁੱਖਾ ਵਰਤਾਅ ਕੀਤਾ ਕਿਉਂਕਿ ਉਨ੍ਹਾਂ ਇੱਕ ਗੈਰ ਟੀ-2 ਸਥਾਨ ਉਤੇ ਛੱਡੇ ਜਾਣ ਦੀ ਬੇਨਤੀ ਕੀਤੀ ਸੀ। ਉਨ੍ਹਾਂ ਕਿਹਾ ਕਿ ਟੀਮ ਅਧਿਕਾਰੀਆਂ ਨੂੰ ਟੀ-2 ਦੇ ਵਿਸ਼ੇਸ਼ ਅਧਿਕਾਰ ਨਹੀਂ ਤੇ ਉਹ ਆਪਣੇ ਸਥਾਨ ਤੋਂ ਇਲਾਵਾ ਹੋਰ ਖੇਡ ਪਿੰਡ ਜਾਣ ਲਈ ਆਪਣੀ ਮਾਨਤਾ ਨਾਲ ਕੇਵਲ ਆਪਣੇ ਸੀ ਜੀ ਏ ਵਾਹਨ ਜਾਂ ਬੱਸ ਜਾਂ ਫਿਰ ਜਨਤਕ ਆਵਾਜਾਈ ਦਾ ਵਰਤੋਂ ਕਰ ਸਕਦੇ ਹਨ।'' ਖੰਨਾ ਨੇ ਭਾਰਤੀ ਵੇਟ ਲਿਫਟਿੰਗ ਟੀਮ ਨੂੰ ਇਸ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਉਹ ਉਥੇ ਭਾਰਤ ਦੇ ਦੂਤ ਹਨ ਤੇ ਉਨ੍ਹਾਂ ਤੋਂ ਲੋ ਪ੍ਰੋਫਾਈਲ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ।

## ਸਰਕਾਰੀ ਵਿਭਾਗ ਤੇ ਬੈਂਕ ਮੁਕੱਦਮੇ ਦੀ ਮੰਜ਼ੂਰੀ ਦੇ ਪੈਂਡਿੰਗ ਕੇਸਾਂ ਬਾਰੇ ਦੱਸਣ: ਸੀ ਵੀ ਸੀ

ਨਵੀਂ ਦਿੱਲੀ, 30 ਜੁਲਾਈ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ ਵੀ ਸੀ) ਨੇ ਕੱਲ੍ਹ ਦੇਸ਼ ਦੇ ਸਾਰੇ ਸਰਕਾਰੀ ਵਿਭਾਗਾਂ ਅਤੇ ਜਨਤਕ ਖੇਤਰ ਦੇ ਬੈਂਕਾਂ ਨੂੰ ਕਿਹਾ ਕਿ ਭ੍ਰਿਸ਼ਟ ਅਧਿਕਾਰੀਆਂ ਦੇ ਖ਼ਿਲਾਫ਼ ਕੇਸ ਚਲਾਉਣ ਦੀ ਮੰਜ਼ੂਰੀ ਨਾਲ ਜੁੜੇ ਪੈਂਡਿੰਗ ਮਾਮਲਿਆਂ ਦੀ ਜਾਣਕਾਰੀ ਉਸ ਨੂੰ ਅਤੇ ਸੀ ਬੀ ਆਈ ਨੂੰ ਦੇਣ। ਸੁਪਰੀਮ ਕੋਰਟ ਦੇ ਹੁਕਮਾਂ ਅਤੇ ਪਰਸੋਨਲ ਅਤੇ ਟਰੇਨਿੰਗ ਵਿਭਾਗ (ਡੀ ਓ ਪੀ ਟੀ) ਦੇ ਨਿਰਦੇਸ਼ਾਂ ਦਾ ਹਵਾਲਾ ਦਿੰਦੇ ਹੋਏ ਸੀ ਵੀ ਸੀ ਨੇ ਕਿਹਾ ਕਿ ਸਾਰੇ ਕੇਸਾਂ ਬਾਰੇ ਤਿੰਨ ਮਹੀਨੇ ਦੀ ਮਿਆਦ ਵਿੱਚ ਮੁਕੱਦਮੇ ਦੀ ਮੰਜ਼ੂਰੀ ਦੇਣ ਵਾਸਤੇਬੇਨਤੀਆਂ ਉੱਤੇਫੈਸਲਾ ਲੈਣਾ ਜ਼ਰੂਰੀ ਹੈ। ਸੀ ਵੀ ਸੀ ਨੇ ਇੱਕ ਆਦੇਸ਼ ਵਿੱਚ ਕਿਹਾ ਕਿ ਕਾਨੂੰਨੀ ਸਲਾਹ ਦੀ ਲੋੜ ਵਾਲੇ ਕੇਸਾਂ ਲਈ ਮਿਆਦ ਇੱਕ ਮਹੀਨੇ ਲਈ ਵਧਾਈ ਜਾ ਸਕਦੀ ਹੈ, ਪਰ ਉਸ ਦਾ ਕਾਰਨ ਲਿਖਤੀ ਦਰਜ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਦੇਖਿਆ ਗਿਆ ਹੈ ਕਿ ਸੀ ਵੀ ਸੀ ਦੀ ਸਲਾਹ ਪਿੱਛੋਂ ਸੰਬੰਧਿਤ ਅਥਾਰਟੀ ਕਦੀ-ਕਦੀ ਸੀ ਵੀ ਸੀ ਜਾ ਸੀ ਬੀ ਆਈ ਨੂੰ ਸੂਚਿਤ ਕੀਤੇ ਬਿਨਾਂ ਕੇਸ ਨੂੰ ਅੰਤਿਮ ਫੈਸਲੇ ਲਈ ਪ੍ਰਸ਼ਾਸਨਿਕ ਮੰਤਰਾਲੇ ਜਾ ਡੀ ਓ ਪੀ ਟੀ ਨੂੰ ਭੇਜਦੇ ਹਨ। ਸੀ ਵੀ ਸੀ ਨੇ ਕਿਹਾ ਕਿ ਮਾਮਲਾ ਜਿਸ ਪੜਾਅ ਉੱਤੇ ਹੈ, ਉਸ ਬਾਰੇ ਸੀ ਵੀ ਸੀ ਅਤੇ ਸੀ ਬੀ ਆਈ ਨੂੰ ਦੱਸਣ ਲਈ ਸਾਰੇ ਸਮਰੱਥ ਅਧਿਕਾਰੀਆਂ ਨੂੰ ਅਜਿਹੇ ਕੇਸਾਂ ਉੱਤੇ ਡੀ ਓ ਪੀ ਟੀ/ਸੀ ਵੀ ਸੀ/ਸੀ ਬੀ ਆਈ/ਪ੍ਰਸ਼ਾਸਨਿਕ ਮੰਤਰਾਲੇ ਦੇ ਨਾਲ ਇਸ ਦੀ ਇੱਕ ਕਾਪੀ ਉਨ੍ਹਾਂ (ਸੀ ਵੀ ਸੀ ਅਤੇ ਸੀ ਬੀ ਆਈ)ਨੂੰ ਵੀ ਭੇਜਣੀ ਚਾਹੀਦੀ ਹੈ।

# ਕੋਰੋਨਾ ਕਾਲ ਵਿੱਚ ਕਾਲੀ ਕਮਾਈ ਦੇ ਛਾਪੇ ਦੌਰਾਨ ਛੇ ਕਰੋੜ ਬਰਾਮਦ



ਨੋਇਡਾ, 31 ਜੁਲਾਈ (ਪੋਸਟ ਬਿਊਰੋ)- ਕੋਰੋਨਾ ਕਾਲ ਵਿੱਚ ਮਰੀਜ਼ਾਂ ਨੂੰ ਲੁੱਟ ਕੇ ਜੇਬ ਭਰਦੇ ਰਹੇ ਤੇ ਆਮਦਨ ਟੈਕਸ ਚੋਰੀ ਦੇ ਮਾਮਲੇ ਵਿੱਚ ਦਿੱਲੀ ਐਨ ਸੀ ਆ ਦੇ ਅੱਠ ਹਸਪਤਾਲ ਅਤੇ ਉਨ੍ਹਾਂ ਦੇ ਸੰਚਾਲਕਾਂ ਤੇ ਪ੍ਰਬੰਧ ਨਾਲ ਜੁੜੇ ਲੋਕਾਂ ਦੇ ਟਿਕਾਣਿਆਂ ਉੱਤੇ ਛਾਪੇ ਦੀ ਕਾਰਵਾਈ ਦੌਰਾਨ ਫਰੀਦਾਬਾਦ ਅਤੇ ਨੋਇਡਾ ਦੇ ਹਸਪਤਾਲ ਸੰਚਾਲਕ ਅਤੇ ਪ੍ਰਬੰਧਕਾਂ ਦੇ ਟਿਕਾਣਿਆਂ ਤੋਂ ਛੇ ਕਰੋੜ ਰੁਪਏ ਅਤੇ 21 ਕਰੋੜ ਦਾ ਸੋਨਾ ਬਰਾਮਦ ਕੀਤਾ ਗਿਆ ਹੈ।

ਇਸ ਨਕਦੀ ਅਤੇ ਸੋਨੇ ਬਾਰੇ ਦਸਤਾਵੇਜ਼ ਨਾ ਹੋਣ ਉੱਤੇ ਇਨ੍ਹਾਂ ਨੂੰ ਆਮਦਨ ਵਿਭਾਗ ਨੇ ਸੀਜ ਕੀਤਾ ਹੈ। ਇਸ ਕਾਰਵਾਈ ਦੌਰਾਨ ਕੰਪਿਊਟਰ ਅਤੇ ਪ੍ਰਾਪਰਟੀ ਦੇ ਕਾਗਜਾਤ ਤੇ ਬੋਗਸ ਬਿਲ ਆਦਿ ਦਸਤਾਵੇਜ਼ ਵੀ ਮਿਲੇ ਹਨ। ਆਮਦਨ ਵਿਭਾਗ ਨੇ ਪਰਸੋਂ ਚਾਰ ਅਤੇ ਸਥਾਨਾਂ ਉੱਤੇ ਛਾਪੇ ਦੀ ਕਾਰਵਾਈ ਪੂਰੀ ਕਰ ਲਈ ਤੇ ਕੱਲ੍ਹ ਪੰਜ ਸਥਾਨਾਂ ਉੱਤੇ ਕਾਰਵਾਈ ਕੀਤੀ ਸੀ। ਫਰੀਦਾਬਾਦ ਦੇ ਸਰਵੋਦੇ ਹਸਪਤਾਲ ਦੀਆਂ ਦੋ ਬ੍ਰਾਂਚਾਂ, ਐਸ ਐਸ ਬੀ ਹਸਪਤਾਲ, ਮੈਟਰੋ ਹਸਪਤਾਲ ਗਰੁੱਪ ਤੇ ਗ੍ਰੇਟਰ ਫਰੀਦਾਬਾਦ ਦੇ ਇੱਕਾਰਡ ਹਸਪਤਾਲ ਦੀ ਜਾਂਚ ਕੱਲ੍ਹ ਵੀ ਜਾਰੀ ਰਹੀ। ਫਰੀਦਾਬਾਦ ਦੇ ਚਾਰ ਵੱਡੇ ਹਸਪਤਾਲਾਂਦੇ ਪ੍ਰਬੰਧਕਾਂ ਤੋਂ ਵਿਭਾਗ ਨੇ ਕਰੀਬ ਸਾਢੇ ਚਾਰ ਕਰੋੜ ਨਕਦੀ ਅਤੇ ਸਾਢੇ 12 ਕਰੋੜ ਰੁਪਏ ਸੋਨਾ ਬਰਾਮਦ ਕੀਤਾ ਹੈ।

# 84 ਸਾਲਾ ਦਾਦੀ ਨੇ ਗਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ



ਸੈਂਟਰੋ ਬਾਲਿਚਲੇਰਾਟੋ (ਮੈਕਸੀਕੋ), 31 ਜੁਲਾਈ (ਪੋਸਟ ਬਿਊਰੋ)- ਕਹਿੰਦੇ ਨੇ ਪੜ੍ਹਾਈ-ਲਿਖਾਈ ਦੀ ਕੋਈ ਉਮਰ ਨਹੀਂ ਹੁੰਦੀ ਤੇ ਇਨਸਾਨ ਕਿਸੇ ਵੀ ਉਮਰ ਵਿੱਚ ਸਿੱਖਣਾ ਸ਼ੁਰੂ ਕਰ ਸਕਦਾ ਹੈ। ਇਸੇ ਕਹਾਵਤ ਨੂੰ 84 ਸਾਲਾ ਇੱਕ ਦਾਦੀ ਨੇ ਸੱਚ ਕਰ ਦਿਖਾਇਆ ਹੈ। ਉਸ ਨੇ ਇਸ ਉਮਰ ਵਿੱਚ ਆਪਣੀ ਗ੍ਰੈਜੂਏਸ਼ਨ ਦੀ ਡਿਗਰੀ ਲਈ ਹੈ। ਦਾਦੀ ਨੂੰ ਜ਼ਿੰਦਗੀ ਵਿੱਚ ਫੁਰਸਤ ਮਿਲੀ ਤਾਂ ਦਹਾਕਿਆਂ ਤੋਂ ਛੁੱਟਿਆ ਕੰਮ ਪੂਰਾ ਕਰ ਲਿਆ। ਜਿਸ ਉਮਰ ਵਿੱਚ ਯਾਦਾਸ਼ਤ ਘਟਣ ਲੱਗਦੀ ਹੈ, ਉਸ ਉਮਰ ਵਿੱਚ ਕਾਲਜ ਤੋਂ ਗਰੈਜੂਏਸ਼ਨ ਕੀਤੀ ਅਤੇ ਦੁਨੀਆ ਵਿੱਚ ਲੋਕਾਂ ਲਈ ਮਿਸਾਲ ਬਣ ਗਈ।

ਮੈਕਸੀਕੋ ਦੀ ਇੱਕ ਔਰਤ ਦੀ ਇਰਮਾ ਗਲੋਰੀਆ ਐਸਕਿਵਵੇਲ ਨੇ ਸੈਂਟਰੋ ਬਾਲਿਚਲੇਰਾਟੋ ਵਿੱਚ ਪੜ੍ਹਾਈ ਕਰਨ ਤੋਂ ਬਾਅਦ ਹਾਈ ਸਕੂਲ ਤੋਂ ਬੈਚੁਲਰ ਕਰਨ ਦਾ ਸੁਫਨਾਪੂਰਾ ਕੀਤਾ ਹੈ।ਐਸਕਿਵਵੇਲ ਨੇ ਆਪਣੇ ਪਰਵਾਰ ਵਾਲਿਆਂ ਨਾਲ ਗਰੈਜੂਏਸ਼ਨ ਦੀ ਡਿਗਰੀ ਲਈ। ਉਸ ਦੀ ਪੋਤਰੀ, ਡੇਵਿਲਾ ਨੇ ਆਪਣੀ ਦਾਦੀ ਦੀਆਂ ਫੋਟੋ ਸ਼ੇਅਰ ਕੀਤੀਆਂ, ਜਿਸ ਵਿੱਚ ਉਹ ਟੋਪੀ ਅਤੇ ਗਾਉਨ ਪਾ ਕੇ ਆਪਣੀ ਡਿਗਰੀ ਨੂੰ ਫੜੀ ਦਿਖਾਈ ਦੇ ਰਹੀ ਹੈ। ਉਸ ਦੇ ਚਿਹਰੇ ਉੱਤੇ ਇੱਕ ਵੱਖਰੀ ਖੁਸ਼ੀ ਦਿੱਸਦੀ ਹੈ। ਡੇਵਿਲਾ ਨੇ ਆਪਣੀ ਪੋਸਟ ਵਿੱਚ ਲਿਖਿਆ ਕਿ ਸਾਨੂੰ ਆਪਣੀ ਦਾਦੀ ਉੱਤੇ ਬੜਾ ਮਾਣ ਹੈ, ਉਹ ਆਪਣੇ ਇੱਕ ਹੋਰ ਟੀਚੇ ਨੂੰ ਪੂਰਾ ਕਰਨ ਵਿੱਚ ਸਫਲ ਰਹੀ। ਉਹ ਆਪਣੇ ਟੀਚਿਆਂ ਨੂੰ ਕਦੇ ਨਾ ਛੱਡਣ ਲਈ ਇੱਕ ਮਿਸਾਲ ਹੈ।

## 100 ਕਰੋੜ ਦਾ ਠੱਗ ਬੀ ਐਸ ਐਫ ਦਾ ਸਾਬਕਾ ਰਸੋਈਆ ਗ੍ਰਿਫ਼ਤਾਰ

ਨਵੀਂ ਦਿੱਲੀ, 31 ਜੁਲਾਈ (ਪੋਸਟ ਬਿਊਰੋ)- ਦਿੱਲੀ ਪੁਲਸ ਦੀ ਅਪਰਾਧ ਸ਼ਾਖਾ ਨੇ ਮਲਟੀਲੈਵਲ ਮਾਰਕੀਟਿੰਗ ਦੇ ਨਾਂ ਉੱਤੇ 100 ਕਰੋੜ ਤੋਂ ਵੱਧ ਦੀ ਠੱਗੀ ਮਾਰਨ ਵਾਲੇ ਬੀ ਐਸ ਐਫ ਦੇ ਸਾਬਕਾ ਰਸੋਈਏ ਗ੍ਰਿਫ਼ਤਾਰ ਕੀਤਾ ਹੈ। ਉਹ 46 ਕੇਸਾਂ ਵਿੱਚ ਲੋੜੀਂਦਾ ਹੈ। ਉਸ ਦਾ ਨਾਂ ਓਮਾਰਾਮ ਉਰਫ਼ ਰਾਮ ਮਾਰਵਾੜੀ ਅਤੇ ਜੋਧਪੁਰ ਦਾ ਵਸਨੀਕ ਹੈ।

ਰੋਹਿਣੀ ਪੁਲਸ ਵੱਲੋਂ ਮੁਖਬਰ ਦੀ ਸੂਚਨਾ ਉੱਤੇ ਗ੍ਰਿਫ਼ਤਾਰ ਕੀਤਾ ਇਹ ਦੋਸ਼ੀ ਸਿਰਫ਼ 12ਵੀਂ ਪਾਸ ਹੈ ਤੇ 2004 ਤੋਂ 2006 ਦੌਰਾਨ ਬੀ ਐਸ ਐਫ ਵਿੱਚ ਰਸੋਈਏ ਵਜੋਂ ਕੰਮ ਕਰ ਚੁੱਕਾ ਹੈ, ਪਰ ਉਸ ਨੂੰ ਕੁੱਕ ਦੀ ਤਨਖ਼ਾਹ ਰਾਸ ਨਹੀਂ ਆਈ ਅਤੇ ਛੇਤੀ ਅਮੀਰ ਬਣਨ ਲਈ ਉਸ ਨੇ ਬੀ ਐਸ ਐਫ ਦੀ ਨੌਕਰੀ ਛੱਡ ਦਿੱਤੀ ਸੀ। ਉਸ ਨੇ ਰਾਜਸਥਾਨ ਦੇ ਜੈਪੁਰ ਵਿੱਚ ਇੱਕ ਸੁਰੱਖਿਆ ਏਜੰਸੀ ਖੋਲ੍ਹੀ ਅਤੇ 60 ਕਰਮਚਾਰੀ ਭਰਤੀ ਕੀਤੇ ਅਤੇ ਫਿਰ ਇਹ ਏਜੰਸੀ ਵੇਚ ਕੇ ਮਾਰਕੀਟਿੰਗ ਕੰਸਲਟੈਂਸੀ ਸ਼ੁਰੂ ਕੀਤੀ, ਜਿਸ ਦੀ ਆੜ ਵਿੱਚ ਠੱਗੀ ਮਾਰਦਾ ਸੀ। ਪੁਲਸ ਦਾ ਕਹਿਣਾ ਹੈ ਕਿ ਉਹ ਪੁਰਾਣੀਆਂ ਕੰਪਨੀਆਂ ਨੂੰ ਬੰਦ ਕਰ ਕੇ ਨਵੀਆਂ ਖੋਲ੍ਹਦਾ ਰਹਿੰਦਾ ਅਤੇ ਪੁਰਾਣੀ ਦੇ ਨਾਂ ਉੱਤੇ ਜਮ੍ਹਾ ਹੋਏ ਪੈਸੇ ਨੂੰ ਡਕਾਰ ਜਾਂਦਾ ਸੀ। ਫਿਰ ਉਸ ਨੇ ਮਲਟੀਲੈਵਲ ਮਾਰਕੀਟਿੰਗ ਸ਼ੁਰੂ ਕੀਤੀ, ਜਿਸ ਵਿੱਚ 4000 ਦੀ ਥਾਂ 500 ਵਾਲਾ ਸਫਾਰੀ ਸੂਟ ਦੇ ਕੇ ਉਸ ਦੇ ਕਮਿਸ਼ਨ ਦਾ ਦਾਅਵਾ ਕੀਤਾ ਜਾਂਦਾ ਸੀ।ਇੱਕ ਜਣੇ ਮੈਂਬਰ ਨੂੰ 10 ਮੈਂਬਰ ਬਣਾਉਣੇ ਪੈਂਦੇ ਸਨ, ਜਿਸ ਵਿੱਚ ਗਾਰੰਟਿਡ ਰਿਟਰਨ ਦੇਣ ਦਾ ਦਾਅਵਾ ਕੀਤਾ ਜਾਂਦਾ ਸੀ। ਇਸ ਤਰ੍ਹਾਂ ਉਸ ਨੇ 12 ਮਹੀਨਿਆਂ ਤੱਕ ਹਜ਼ਾਰਾਂ ਮੈਂਬਰ ਬਣਾਏ ਅਤੇ ਕਰੀਬ 100 ਕਰੋੜ ਦੀ ਠੱਗੀ ਮਾਰ ਕੇ ਫਰਾਰ ਹੋ ਗਿਆ ਸੀ।




# ਵਾਤਾਵਰਣ ਬਾਰੇ ਯੂ ਐੱਨ ਓ ਦੇ ਮਤੇ ਦਾ ਭਾਰਤ ਵੱਲੋਂ ਸਮਰਥਨ




ਯੂ ਐੱਨ ਓ, 31 ਜੁਲਾਈ (ਪੋਸਟ ਬਿਊਰੋ)- ਭਾਰਤ ਨੇ ਯੂ ਐੱਨ ਜਨਰਲ ਅਸੈਂਬਲੀ ਦੇ ਉਸ ਮਤੇ ਦੇ ਹੱਕ ਵਿੱਚ ਵੋਟ ਪਾਈ ਹੈ, ਜਿਸ ਵਿੱਚ ਸਾਫ-ਸੁਥਰੇ, ਸਿਹਤਮੰਦ ਤੇ ਟਿਕਾਊ ਵਾਤਾਵਰਣ ਦੇ ਅਧਿਕਾਰ ਨੂੰ ਮਨੁੱਖੀ ਹੱਕ ਵਜੋਂ ਮਾਨਤਾ ਦੇ ਦਿੱਤੀ ਗਈ ਹੈ, ਪਰ ਨਾਲ ਭਾਰਤ ਨੇ ਖੁਦ ਨੂੰ ਇਸ ਮਤੇ ਦੇ ਕਾਰਜਕਾਰੀ ਹਿੱਸੇ ਤੋਂ ਦੂਰ ਰੱਖਿਆ ਹੈ। ਇਸ ਦੇ ਨਾਲ ਹੀ ਭਾਰਤ ਨੇ ਪ੍ਰਕਿਰਿਆ ਤੇ ਮਤੇ ਵਿਚਲੀਆਂ ਤਜਵੀਜ਼ਾਂ ਉੱਤੇ ਵੀ ਸਵਾਲ ਉਠਾਏ ਹਨ।

ਇਸ ਮੌਕੇ ਭਾਰਤ ਨੇ ਬੇਨਤੀ ਕੀਤੀ ਹੈ ਕਿ ਜਨਰਲ ਅਸੈਂਬਲੀ ਵੱਲੋਂ ਜਾਰੀ ਬਿਆਨ ਨੂੰ ਮੀਟਿੰਗ ਦੇ ਅਧਿਕਾਰਤ ਰਿਕਾਰਡ ਵਿੱਚ ਸ਼ਾਮਲ ਕੀਤਾ ਜਾਵੇ। ਭਾਰਤ ਨੇ ਕਿਹਾ ਕਿ ਯੂ ਐੱਨ ਓਜਨਰਲ ਅਸੈਂਬਲੀ ਦਾ ਮਤਾ ਉਦੋਂ ਤੱਕ ਕਿਸੇ ਦੀ ਜ਼ਿੰਮੇਵਾਰੀ ਤੈਅ ਨਹੀਂ ਕਰ ਸਕਦਾ, ਜਦ ਤੱਕ ਸਮਝੌਤੇ ਜਾਂ ਸੰਧੀਆਂ ਨਹੀਂ ਹੁੰਦੀਆਂ। ਇਸ ਲਈ ਸਾਰੀਆਂ ਧਿਰਾਂ ਨੂੰ ਨਵੇਂ ਮਨੁੱਖੀ ਅਧਿਕਾਰ ਪ੍ਰਤੀ ਵਚਨਬੱਧਤਾ ਪ੍ਰਗਟ ਕਰਨੀ ਪਏਗੀ ਤਾਂ ਹੀ ਇਹ ਅਧਿਕਾਰ ਅਮਲ ਵਿੱਚ ਸਾਕਾਰ ਹੋ ਸਕੇਗਾ। ਇਸ ਦੇ ਨਾਲ ਭਾਰਤ ਨੇ ਕਿਹਾ ਕਿ ਮਤੇ ਵਿਚ 'ਸਾਫ', 'ਸਿਹਤਮੰਦ' ਅਤੇ 'ਟਿਕਾਊ' ਜਿਹੇ ਸ਼ਬਦਾਂ ਦੀ ਸਾਫ ਵਿਆਖਿਆ ਨਹੀਂ ਕੀਤੀ ਗਈ। ਕੁੱਲ 193 ਮੈਂਬਰੀ ਜਨਰਲ ਅਸੈਂਬਲੀ ਨੇ ਪਰਸੋਂ ਮਤੇ ਦੇ ਹੱਕ ਵਿਚ 161 ਵੋਟਾਂ ਪਾਈਆਂ। ਵੋਟਿੰਗ ਵਿੱਚੋਂ ਬੇਲਾਰੂਸ, ਕੰਬੋਡੀਆ, ਚੀਨ, ਇਥੋਪੀਆ, ਇਰਾਨ, ਕਿਰਗਿਸਤਾਨ, ਰੂਸ ਅਤੇ ਸੀਰੀਆ ਗੈਰਹਾਜ਼ਰ ਰਹੇ। ਯੂ ਐੱਨ ਓ ਵਿੱਚ ਭਾਰਤ ਦੇ ਸਥਾਈ ਮਿਸ਼ਨ ਦੇ ਪ੍ਰਤੀਨਿਧੀ ਆਸ਼ੀਸ਼ ਸ਼ਰਮਾ ਨੇ ਕਿਹਾ ਕਿ ਇਹ ਮਤਾ, ਸਾਫ ਸੁਥਰੇ ਅਤੇ ਟਿਕਾਊ ਵਾਤਾਵਰਣ ਦੇ ਹੱਕ ਨੂੰ ਮਨੁੱਖੀ ਹੱਕ ਵਜੋਂ ਮਾਨਤਾ ਦਿੰਦਾ ਹੈ। ਇਸ ਵਿੱਚ ਕੌਮਾਂਤਰੀ ਵਾਤਾਵਰਣ ਕਾਨੂੰਨ ਦਾ ਵੀ ਜ਼ਿਕਰ ਹੈ। ਮਤੇ ਵਿੱਚ ਇਸ ਹੱਕ ਨੂੰ ਉਭਾਰਨ ਅਤੇ ਵਾਤਾਵਰਣ ਸਮਝੌਤਿਆਂ ਦੇ ਵੱਖ-ਵੱਖ ਨੁਕਤਿਆਂ ਨੂੰ ਸੰਸਾਰਕ ਕਾਨੂੰਨਾਂ ਦੇ ਸਿਧਾਂਤਾਂ ਮੁਤਾਬਕ ਲਾਗੂ ਕਰਨ ਦੀ ਗੱਲ ਵੀ ਕੀਤੀ ਗਈ ਹੈ।

# ਪੱਤਰਕਾਰਾਂ ਦੇ ਟਵੀਟ ਹਟਵਾਉਣ ਵਾਲੇ ਦੇਸ਼ਾਂ ਵਿੱਚ ਭਾਰਤ ਮੋਹਰੀ

## * ਸੂਚੀ ਵਿੱਚ ਅਮਰੀਕਾ ਦਾ ਪਹਿਲਾ ਤੇ ਭਾਰਤ ਦਾ ਦੂਜਾ ਨੰਬਰ



ਨਵੀਂ ਦਿੱਲੀ, 31 ਜੁਲਾਈ (ਪੋਸਟ ਬਿਊਰੋ)- ਭਾਰਤ ਨੇ ਟਵਿੱਟਰ ਉੱਤੇ ਜੁਲਾਈ ਤੋਂ ਦਸੰਬਰ 2021 ਦੇ ਸਮੇਂ ਦੌਰਾਨ ਪੱਤਰਕਾਰਾਂ ਅਤੇ ਮੀਡੀਆ ਅਦਾਰਿਆਂ ਵੱਲੋਂ ਪੋਸਟ ਕੀਤੀ ਸਮੱਗਰੀ ਹਟਾਉਣ ਦੀ ਕਾਨੂੰਨੀ ਤੌਰ ਉੱਤੇ ਮੰਗ ਸਭ ਤੋਂ ਵੱਧ ਕੀਤੀ ਹੈ। ਇਸ ਮਾਈਕਰੋਬਲਾਗਿੰਗ ਸਾਈਟ ਨੇ ਆਪਣੀ ਪਾਰਦਰਸ਼ਤਾ ਰਿਪੋਰਟ ਵਿੱਚ ਕਿਹਾ ਕਿ ਟਵਿੱਟਰ ਖਾਤਿਆਂ ਨਾਲ ਜੁੜੀ ਜਾਣਕਾਰੀ ਮੰਗਣ ਵਿੱਚ ਭਾਰਤ ਸਿਰਫ ਅਮਰੀਕਾ ਤੋਂ ਪਿੱਛੇ ਰਿਹਾ ਹੈ ਅਤੇ ਸੰਸਾਰ ਪੱਧਰ ਉੱਤੇ ਮੰਗੀ ਜਾਣਕਾਰੀ ਵਿੱਚਭਾਰਤ ਦੀ ਹਿੱਸੇਦਾਰੀ 19 ਫੀਸਦੀ ਤੱਕ ਰਹੀ ਸੀ।

ਇਸ ਰਿਪੋਰਟ ਮੁਤਾਬਕ ਭਾਰਤ ਜੁਲਾਈ ਤੋਂ ਦਸੰਬਰ 2021 ਦੌਰਾਨ ਹਰ ਤਰ੍ਹਾਂ ਦੇ ਯੂਜ਼ਰਜ਼ ਦੇ ਬਾਰੇ ਸਮੱਗਰੀ ਉੱਤੇ ਪਾਬੰਦੀ ਲਾਉਣ ਦੇ ਹੁਕਮ ਦੇਣ ਵਾਲੇ ਸਿਖਰਲੇ ਪੰਜ ਦੇਸ਼ਾਂ ਵਿੱਚ ਸ਼ਾਮਲ ਸੀ। ਟਵਿੱਟਰ ਦੇ ਮੁਤਾ-ਬਕ ਜੁਲਾਈ ਤੋਂ ਦਸੰਬਰ 2021 ਦੌਰਾਨ ਦੁਨੀਆ ਭਰ ਵਿੱਚ ਪੱਤਰਕਾਰਾਂ ਤੇ ਮੀਡੀਆ ਅਦਾਰਿਆਂ ਨਾਲ ਜੁੜੇ 349 ਖਾਤਿਆਂ ਉੱਤੇ ਮੌਜੂਦ ਸਮੱਗਰੀ ਨੂੰ ਹਟਾਉਣ ਦੀ ਮੰਗ ਕੀਤੀ ਗਈ ਹੈ। ਇਸ ਕੰਪਨੀ ਮੁਤਾਬਕ ਜਿਨ੍ਹਾਂ ਖਾਤਿਆਂ ਦੀ ਸਮੱਗਰੀ ਉੱਤੇ ਇਤਰਾਜ਼ ਕੀਤਾ ਗਿਆ, ਉਨ੍ਹਾਂ ਦੀ ਗਿਣਤੀ ਜਨਵਰੀ ਤੋਂ ਜੂਨ 2021 ਨਾਲੋਂ 103 ਫੀਸਦੀ ਵੱਧ ਹੈ। ਇਸ ਦੌਰਾਨ ਭਾਰਤ ਨੇ 114, ਤੁਰਕੀ ਨੇ 78, ਰੂਸ ਨੇ 55 ਤੇ ਪਾਕਿਸਤਾਨ ਨੇ 48 ਕਾਨੂੰਨੀ ਇਤਰਾਜ਼ ਕੀਤੇ। ਭਾਰਤ ਜਨਵਰੀ ਤੋਂ ਜੂਨ 2021 ਦੌਰਾਨ ਵੀ ਇਸ ਸੂਚੀ ਵਿੱਚ ਮੋਹਰੀ ਰਿਹਾ ਸੀ। ਓਦੋਂ ਟਵਿੱਟਰ ਨੂੰ ਸੰਸਾਰ ਪੱਧਰ ਉੱਤੇ ਮਿਲੇ ਇਤਰਾਜ਼ਾਂ ਵਿੱਚੋਂ 89 ਭਾਰਤ ਨਾਲ ਜੁੜੇ ਸਨ। ਵੇਰਵੇ ਦਿੱਤੇ ਬਿਨਾਂ ਟਵਿੱਟਰ ਨੇ ਦੱਸਿਆ ਕਿ 2021 ਦੀ ਦੂਜੀ ਛਮਾਹੀ ਵਿੱਚਸੰਸਾਰ ਪੱਧਰ ਉੱਤੇ ਪ੍ਰਮਾਣਿਤ ਪੱਤਰਕਾਰਾਂ ਅਤੇ ਮੀਡੀਆ ਅਦਾਰਿਆਂ ਦੇ 17 ਟਵੀਟ ਰੋਕੇ ਗਏ ਤੇ ਸਾਲ ਦੀ ਪਹਿਲੀ ਛਮਾਹੀ ਵਿੱਚ ਅਜਿਹੇ ਟਵੀਟਾਂ ਦੀ ਗਿਣਤੀ 11 ਸੀ।ਟਵਿੱਟਰ ਨੇ ਦੱਸਿਆ ਕਿ ਭਾਰਤ ਦੇ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਨੇ ਇੱਕ ਨਾਬਾਲਗ ਬੱਚੇ ਦੇ ਪ੍ਰਾਈਵੇਸੀ ਦੇ ਮੁੱਦਿਆਂ ਬਾਰੇ ਉਸ ਨਾਲ ਜੁੜੀ ਸਮੱਗਰੀ ਹਟਾਉਣ ਦੀ ਮੰਗ ਕੀਤੀ ਸੀ। ਕੰਪਨੀ ਨੇ ਕਿਸੇ ਦਾ ਨਾਂਅ ਨਹੀਂ ਲਿਆ, ਪਰ ਕਿਹਾ ਜਾਂਦਾ ਹੈ ਕਿ ਇਹ ਟਵੀਟ ਕਾਂਗਰਸ ਆਗੂ ਰਾਹੁਲ ਗਾਂਧੀ ਦਾ ਸੀ,' ਜਿਨ੍ਹਾਂ ਪਿਛਲੇ ਸਲ ਅਗਸਤ ਵਿੱਚ ਸਮੂਹਿਕ ਬਲਾਤਕਾਰ ਦੀ ਪੀੜਤ ਇੱਕ ਨਾਬਾਲਗ ਦਲਿਤ ਲੜਕੀ ਦੇ ਮਾਪਿਆਂ ਨਾਲ ਮੁਲਾਕਾਤ ਦੀ ਫੋਟੋ ਪਾਈ ਸੀ।


# ਗਲਵਾਨ ਘਾਟੀ ਵਿੱਚ ਚੀਨੀ ਫੌਜ ਨਾਲ ਝੜਪ ਦੇ ਨੁਕਸਾਨ ਦਾ ਵੇਰਵਾ ਦੇਣ ਤੋਂ ਇਨਕਾਰ



ਨਵੀਂ ਦਿੱਲੀ, 31 ਜੁਲਾਈ (ਪੋਸਟ ਬਿਊਰੋ)- ਕੇਂਦਰੀ ਸੂਚਨਾ ਕਮਿਸ਼ਨ (ਸੀ ਆਈ ਸੀ) ਨੇ ਸਾਫ ਕਿਹਾ ਹੈ ਕਿ ਦੋ ਸਾਲ ਪਹਿਲਾਂ ਲੱਦਾਖ ਦੀ ਗਲਵਾਨ ਘਾਟੀ ਵਿੱਚ ਭਾਰਤੀ ਫੌਜ ਨਾਲ ਝੜਪ ਵੇਲੇ ਚੀਨੀ ਫੌਜੀਆਂ ਦੇ ਜਾਨੀ ਨੁਕਸਾਨ ਦੀ ਸੂਚਨਾ ਜਨਤਕ ਨਹੀਂ ਕੀਤੀ ਜਾ ਸਕਦੀ। ਇਸ ਬਾਰੇ ਸੀ ਆਈ ਸੀ ਨੇ ਤਾਜ਼ਾ ਹੁਕਮਾਂ ਵਿੱਚ ਉਹ ਅਰਜ਼ੀ ਰੱਦ ਕਰ ਦਿੱਤੀ, ਜਿਸ ਵਿੱਚ 15-16 ਜੂਨ 2020 ਦੀ ਦਰਮਿਆਨੀ ਰਾਤ ਦੇਸ਼ ਦੇ ਬਹਾਦਰ ਫੌਜੀਆਂ ਦੇ ਜਾਨੀ ਨੁਕਸਾਨ (ਜੇ ਕੋਈ ਹੋਇਆ ਹੈ ਤਾਂ) ਦੀ ਜਾਣਕਾਰੀ ਦੇਣ ਦੀ ਬੇਨਤੀ ਕੀਤੀ ਗਈ ਸੀ।

ਵਰਨਣ ਯੋਗ ਹੈ ਕਿ ਸੂਚਨਾ ਅਧਿਕਾਰ ਐਕਟ ਹੇਠ ਇੱਕ ਵਿਅਕਤੀ ਨੇ ਲੱਦਾਖ ਦੀ ਗਲਵਾਨ ਦਰਿਆ ਦੀ ਘਾਟੀ ਨੇੜੇ ਕੰਟਰੋਲ ਰੇਖਾ ਉੱਤੇ ਹੋਈ ਝੜਪ ਦੌਰਾਨ ਭਾਰਤੀ ਜਵਾਨਾਂ ਦੇ ਜਾਨੀ ਨੁਕਸਾਨ, ਪੀੜਤਾਂ ਦੇ ਪਰਵਾਰਾਂ ਦੇ ਮੁੜ ਵਸੇਬੇ ਅਤੇ ਉਨ੍ਹਾਂ ਦੀ ਦਿੱਤੀ ਗਈ ਰਾਸ਼ੀ ਦੀ ਜਾਣਕਾਰੀ ਮੰਗੀ ਸੀ।ਅਰਜ਼ੀਕਾਰ ਨੇ ਫੌਜ ਤੋਂ ਇਹ ਵੀ ਪੁੱਛਿਆ ਸੀ ਕਿ ਕੀ ਝੜਪ ਤੋਂ ਬਾਅਦ ਕੋਈ ਭਾਰਤੀ ਫੌਜੀ ਲਾਪਤਾ ਹਨ ਅਤੇ ਉਨ੍ਹਾਂ ਨੂੰ ਛੁਡਾਉਣ ਦੀ ਯੋਜਨਾ ਕੀ ਹੈ। ਫੌਜ ਨੇ ਇਹ ਆਖ ਕੇ ਸੂਚਨਾ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਤੀਜੀ ਧਿਰ ਨਾਲ ਜੁੜੀ ਜਾਣਕਾਰੀ ਹੈ ਅਤੇ ਆਰ ਟੀ ਆਈ ਕਾਨੂੰਨ ਦੀ ਧਾਰਾ 8 (1) (ਆਈ) ਹੇਠ ਇਸ ਨਹੀਂ ਦੱਸੀ ਜਾ ਸਕਦੀ। ਕਾਨੂੰਨ ਦੀ ਇਹ ਧਾਰਾ ਇਸ ਸ਼੍ਰੇਣੀ ਦੀ ਜਾਣਕਾਰੀ ਨਹੀਂ ਦੇਣ ਦੀ ਦੇਣ ਦੀ ਛੋਟ ਦਿੰਦੀ ਹੈ। ਫੌਜ ਨੇ ਦੇਸ਼ ਦੀ ਏਕਤਾ, ਅਖੰਡਤਾ, ਸੁਰੱਖਿਆ, ਰਣਨੀਤੀ, ਦੇਸ਼ ਵਿ-ਗਆਨਕ ਤੇ ਆਰਥਿਕ ਹਿੱਤ, ਦੂਜੇ ਦੇਸ਼ਾਂ ਨਾਲ ਸੰਬੰਧ ਪ੍ਰਭਾਵਤ ਕਰਨ ਵਾਲੀ ਜਾਣਕਾਰੀ ਨਾ ਦੇਣਵਾਲੀ ਕਾਨੂੰਨ ਦੀ ਧਾਰਾ 8 (1) (ਏ) ਦਾ ਹਵਾਲਾ ਵੀ ਦਿੱਤਾਹੈ।ਸੂਚਨਾ ਕਮਿਸ਼ਨਰ ਵੀ ਐਨ ਸਰਨਾ ਨੇ ਕਿਹਾ ਕਿ ਅਰਜ਼ੀਕਾਰ ਨੂੰ ਢੁੱਕਵਾਂ ਜਵਾਬ ਦਿੱਤਾ ਗਿਆ ਤੇ ਇਹ ਸਹੀ ਕਿਹਾ ਗਿਆ ਹੈ। ਇਸ ਲਈ ਸੰਬੰਧਤ ਸੂਚਨਾ ਆਰ ਟੀ ਆਈ ਕਾਨੂੰਨ ਦੀ ਧਾਰਾ 8 (1) (ਏ) ਹੇਠ ਨਹੀਂ ਮਿਲ ਸਕਦੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਪਲਾਟ ਵਿਕਾਊ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।
ਫੋਨ ਨੰਬਰ 917837596119
647-760-2769



WWW.KULWINDERCHHINA.COM
KULWINDERCHHINA
BROKER
647.293.2327

STARLANE PAINTING
Residential • Commercial • Industrial
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜ਼ਮਾਉ ਤੇ ਫਿਰ ਹੋਰਾਂ ਨੂੰ ਵੀ ਲਿਆਉ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal Co-Host
Cell:416-587-5520
Email: iqbalmahal46@gmail.com
Iqbal Mahal Producer & Host
Serving the South Asian Community Since 1976

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE IN BRANTFORD
SHELLARD LN / CONKLIN RD
JUST LISTED FOR SALE IN BRAMPTON
WILLIAMS PKWY / CHINGUACOUSY RD
2500 - 3000 sq feet
SOLD
WILLIAMS PKWY / CENTRE ST
WILLIAMS PKWY / ROYAL ORCHARD
QUEEN ST / DIXIE RD
SANDALWOOD / BRAIDWOOD LAKE
HOWDEN BLVD / WILLIAM PRWY
QUEEN ST / MCLAUGHLIN
HWY 10 / BOVAID DR
GOREWAY DR / QUEEN ST E
FREE
Full MLS Services
Consistently Marketing Your Property Until SOLD
Competitive Rates, Exceptional Service & Award Winning Results
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
RE/MAX Realty Specialists Inc. Brokerage
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
JUNE 2022


REXDALE BODY SHOP
USED CAR SALE
Specialization In:
All Kinds of Body Work
Auto Glass Windshield
Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com


Tri-City
Professional Realty Inc., Brokerage.
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Tel: 905.793.5777
Avtar Singh Tiwana
Sales Representative
416.802.5866
31 Melanie Dr. Unit #4 Brampton, ON L6T 5H8
SOLD
$1,399,999
CASTLEMORE/GOREWAY
$1,749,900
8337 ਗਲਫ ਲਾਈਨ
$1,950,000
26 Yellow RomeRd
416-802-5866


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017